ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।


www.sribhainisahib.com ਜਿਲਦ-23 ਨੰਬਰ-32

27 ਕੱਤਕ ਤੋਂ 3 ਮੱਘਰ 2072 - 12 to 18 November 2015 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 200

## ਅੰਮ੍ਰਿਤ ਬਚਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

### ਬਿਹੰਗਮ ਦਾ ਨਿਤਨੇਮ

ਬਿਹੰਗਮ ਦਾ ਨਿਤਨੇਮ, ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਬਣਾਇਆ ਸੀ ਕਿ ਪੰਜ ਗਰੰਥ ਬਾਣੀ ਦਾ ਪਾਠ ਕਰੇ, ਪੰਜ ਮਾਲਾ ਭਜਨ ਦੀਆਂ ਫੇਰੇ, ਇਕ ਮਾਲਾ ਭਗੌਤੀਆਂ ਦੀ ਫੇਰੇ, ਪੰਜ ਪਾਠ ਜਪੁ ਜਾਪ ਦੇ ਕਰੇ, ਸੌ ਪਤਰਾ ਗ੍ਰੰਥ ਸਾਹਿਬ ਦਾ ਪੜ੍ਹੇ ਤੇ ਰੋਟੀ ਆਪਣੀ ਪਕਾ ਕੇ ਖਾਵੇ।






ਦਿੱਲੀ ਵਿਖੇ ਸਾਵਣ ਕਿਰਪਾਲ ਰੂਹਾਨੀ ਮਿਸ਼ਨ ਦੇ ੨੨ਵੇਂ ਵਿਸ਼ਵ ਅਧਿਆਤਮਿਕ ਸੰਮੇਲਨ ਦੌਰਾਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਮਨੁਖਤਾ ਦੇ ਭਲੇ ਲਈ ਬੜੇ ਕਲਿਆਣਕਾਰੀ ਪ੍ਰਵਚਨ ਕਰਨ ਦੀ ਕ੍ਰਿਪਾ ਕੀਤੀ, ਮਹਾਰਾਜ ਰਜਿੰਦਰ ਸਿੰਘ ਜੀ ਅਤੇ ਹੋਰ ਰਿਸ਼ੀ ਮੁਨੀ, ਸੰਤ ਸੇਵਕ ਆਦਿ ਸਟੇਜ ਤੇ ਦਰਸ਼ਨ ਦੇ ਰਹੇ ਹਨ

## ਸ੍ਰੀ ਸਾਵਣ-ਕਿਰਪਾਲ ਰੂਹਾਨੀ ਮਿਸ਼ਨ ਦੇ ਸਤਿਸੰਗ -ਸਮਾਗਮ ਵਿੱਚ ਸ੍ਰੀ ਸਤਿਗੁਰੂ ਜੀ

### 14 ਸਤੰਬਰ 2015- ਕਿਰਪਾਲ ਬਾਗ ਵਿਜੇ ਨਗਰ-ਨਵੀਂ ਦਿੱਲੀ

ਅੱਜ ਸ੍ਰੀ ਸਤਿਗੁਰੂ ਜੀ, ਸ੍ਰੀ ਸਾਵਨ ਕਿਰਪਾਲ ਰੂਹਾਨੀ ਮਿਸ਼ਨ ਵਲੋਂ ਕਰਵਾਏ ਜਾਂਦੇ ੨੨ਵੇਂ ਵਿਸ਼ਵ ਪੱਧਰੀ ਸਲਾਨਾ ਸਮਾਗਮ ਵਿਚ ਪਧਾਰੇ। ੧੦ ਦਿਨਾਂ ਸਲਾਨਾ ਮੇਲੇ ਦੌਰਾਨ ਅੱਜ ੧੪ ਸਤੰਬਰ ਦਾ ਦਿਨ ਵਿਸ਼ੇਸ਼ ਕਰਕੇ ਸ੍ਰੀ ਮਹਾਰਾਜ ਦਰਸ਼ਨ ਸਿੰਘ ਜੀ ਦੇ ਜਨਮ ਦਿਨ ਨੂੰ ਸਮਰਪਿਤ ਸੀ।

ਸ੍ਰੀ ਸਾਵਣ-ਕਿਰਪਾਲ ਰੂਹਾਨੀ ਮਿਸ਼ਨ ਅਤੇ ਨਾਮਧਾਰੀ ਸਿੱਖ ਸਮਾਜ ਦੀਆਂ ਸਾਂਝਾਂ ਕਈ ਪੀੜੀਆਂ ਤੋਂ ਹਨ। ਮਹਾਰਾਜ ਸਾਵਣ ਸਿੰਘ ਜੀ ਆਪਣੀਆਂ ਬਚਪਨ ਦੀਆਂ ਯਾਦਾਂ ਵਿੱਚ ਲਿਖਦੇ ਹਨ ਕਿ ਮੈਂ ਆਪਣੇ ਦਾਦਾ ਜੀ ਨਾਲ ਸਤਿਗੁਰੂ ਰਾਮ ਸਿੰਘ ਜੀ ਦੇ ਦੀਵਾਨ ਵਿੱਚ ਦਰਸ਼ਨ ਕੀਤੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਮਹਾਰਾਜ ਸਾਵਣ ਸਿੰਘ ਜੀ ਦੀ ਏਨੀ ਨੇੜਤਾ ਸੀ ਕਿ ਪੁਰਾਣੀਆਂ ਤਸਵੀਰਾਂ ਵਿੱਚ ਹਰ ਵਿਸ਼ੇਸ਼ ਸਮਾਗਮ ਵਿੱਚ ਇਨ੍ਹਾਂ ਦੋਹਾਂ ਮਹਾਨ ਹਸਤੀਆਂ ਦੇ ਇੱਕਠਿਆਂ ਦੇ ਦਰਸ਼ਨ ਹੁੰਦੇ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁੱਰਗਦੀ-ਨਸ਼ੀਨੀ ਸਮਾਰੋਹ ਸਮੇਂ ਵੀ ਮਹਾਰਾਜ ਕਿਰਪਾਲ ਸਿੰਘ ਜੀ ਅਤੇ ਮਹਾਰਾਜ ਚਰਨ ਸਿੰਘ ਜੀ ਨੇ ਦਰਸ਼ਨ ਦਿੱਤੇ ਸਨ। ਮਹਾਰਾਜ ਦਰਸ਼ਨ ਸਿੰਘ ਜੀ ਦੇ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਰੀਬ ਹਰ ਵਰ੍ਹੇ ਹੀ ਕਿਰਪਾਲ ਬਾਗ ਵਿਖੇ ਦਰਸ਼ਨ ਦਿਆ ਕਰਦੇ ਸਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬ੍ਰਹਮਲੀਨ ਹੋਣ ਉਪਰੰਤ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਅੱਜ ਪਹਿਲੀ ਵੇਰ ਕਿਰਪਾਲ ਬਾਗ ਵਿਖੇ ਪਧਾਰਨ ਨਾਲ ਚਾਰ ਪੀੜ੍ਹੀਆਂ ਦੀਆਂ ਸਾਂਝਾਂ ਦਾ ਜਿਵੇਂ ਚੌਥੇ ਜੁਗ ਵਿੱਚ ਪ੍ਰਵੇਸ਼ ਹੋਇਆ ਹੈ।

(ਬਾਕੀ ਸਫਾ 2 'ਤੇ)

## ਸ੍ਰੀ ਭੈਣੀ ਸਾਹਿਬ ਵਿਖੇ ਦੋ ਦਿਨਾਂ ਫ੍ਰੀ ਕੈਂਸਰ ਕੈਂਪ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਉਂਦਿਆਂ ਇਥੇ ੨੧ ਅਤੇ ੨੨ ਨਵੰਬਰ ਨੂੰ ਫ੍ਰੀ ਕੈਂਸਰ ਕੈਂਪ ਲਾਇਆ ਜਾ ਰਿਹਾ ਹੈ। ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਕ੍ਰਿਪਾ ਨਾਲ ਲਗਾਏ ਜਾ ਰਹੇ ਇਸ ਕੈਂਪ ਵਿੱਚ ਕੈਂਸਰ ਦੇ ਫ੍ਰੀ ਟੈਸਟ ਕੀਤੇ ਜਾਣਗੇ ਅਤੇ ਮਰੀਜ਼ਾਂ ਨੂੰ ਲੋੜ ਅਨੁਸਾਰ ਵੱਡਮੁਲੀ ਰਾਏ ਦਿੱਤੀ ਜਾਏਗੀ। ਇਸ ਕੈਂਪ ਵਿੱਚ ਕੈਂਸਰ ਦੇ ਮਾਹਿਰ ਡਾਕਟਰਾਂ ਨੂੰ ਉਚੇਚੇ ਤੌਰ ਤੇ ਸਦਿਆ ਗਿਆ ਹੈ ਅਤੇ ਉਹਨਾਂ ਕੋਲੋ ਕੈਂਸਰ ਪੀੜਿਤ ਮਨੁੱਖਾ ਲਈ ਲੋੜੀਂਦੀ ਡਾਕਟਰੀ ਸਹਾਇਤਾ ਲਈ ਜਾਏਗੀ। ਇਸ ਕੈਂਪ ਦਾ ਲਾਭ ਉਠਾਣ ਲਈ ਸ੍ਰੀ ਭੈਣੀ ਸਾਹਿਬ ਪਹੁੰਚ ਕੇ ਆਪਣਾ ਟੈਸਟ ਕਰਵਾਇਆ ਜਾਵੇ। ਵੇਰਵਾ ਸਫਾ 8 ਤੇ ਵੇਖੋ।

# ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।


## ਪਰਭਾਤੇ ਪ੍ਰਭ ਨਾਮੁ ਜਪਿ

ਸਤਿਗੁਰੂ ਜੀ ਅੰਮ੍ਰਿਤ ਵੇਲੇ ਉਠ ਕੇ ਨਾਮ ਸਿਮਰਨ ਦਾ ਉਪਦੇਸ਼ ਦਿੰਦੇ ਹਨ। ਉਪਦੇਸ਼ ਦੇਣ ਨਾਲ ਉਦਮ ਵੀ ਦੇਂਦੇ ਹਨ। ਸਿਖਾਂ ਵਲੋਂ ਜਦ ਉਹਨਾਂ ਦੇ ਘਰ ਚਰਨ ਪਾਉਣ ਦੀ ਅਰਜ਼ ਕੀਤੀ ਜਾਂਦੀ ਹੈ ਤਾਂ ਬਹੁਤ ਹਾਲਤਾਂ ਵਿਚ ਸਤਿਗੁਰੂ ਜੀ ਅੰਮ੍ਰਿਤ ਵੇਲੇ ਚਰਨ ਪਾਉਣ ਦੀ ਕਿਰਪਾ ਕਰਦੇ ਹਨ ਸਹਿਜੇ ਹੀ ਜਿਸ ਨੇ ਚਰਨ ਪੁਆਉਣੇ ਹਨ ਉਹ ਤੇ ਉਹਨਾਂ ਘਰ ਸਤਿਗੁਰੂ ਜੀ ਦੇ ਚਰਨ ਪਰਸਨ ਲਈ ਆਉਣ ਵਾਲੇ ਸ਼ਰਧਾਲੂ ਉਦਮ ਕਰਨਗੇ, ਆਪ ਜੀ ਦੇ ਆਉਣ ਤੋਂ ਪਹਿਲਾਂ ਜਾਗਣਗੇ, ਇਸ਼ਨਾਨ ਪਾਣੀ ਕਰਨਗੇ ਤੇ ਰਸਨਾ ਤੋਂ ਨਾਮ ਸਿਮਰਨ ਕਰਦੇ ਹੋਏ ਆਪ ਜੀ ਦੇ ਆਉਣ ਵਾਲੇ ਰਾਹ ਉਤੇ ਅੱਖਾਂ ਵਿਛਾਈ ਖੜ੍ਹੇ ਰਹਿਣਗੇ। ਗੁਰਪੁਰਬਾਂ ਤੋਂ ਪਹਿਲਾਂ ਅੰਮ੍ਰਿਤ ਵੇਲੇ ਹੀ ਪ੍ਰਭਾਤ ਫੇਰੀ ਦੀ ਰੀਤ ਵੀ ਚੱਲ ਪਈ। ਇਹ ਵੀ ਉਦਮ ਹੈ, ਸਮੇਂ ਸਿਰ ਜਾਗ ਕੇ ਤਿਆਰ ਹੋਣ ਦਾ।

ਅੰਮ੍ਰਿਤ ਵੇਲੇ ਹੀ ਆਸਾ ਦੀ ਵਾਰ ਦੇ ਕੀਰਤਨ ਦਾ ਹੈ। ਇਕਾਗਰ ਚਿਤ ਹੋ ਕੇ ਬਾਣੀ ਦਾ ਕੀਰਤਨ ਸੁਣ ਕੇ, ਮਨੁੱਖ ਦੀ ਭਾਵਨਾ ਕਰਤੇ ਦੀ ਕੁਦਰਤ ਨੂੰ ਪਿਆਰ ਕਰਨ, ਗੁਰੂ ਦੀ ਸ਼ਰਨ ਆਉਣ ਅਤੇ ਨਾਮ ਸਿਮਰਨ ਦੀ ਬਣਦੀ ਹੈ। ਕਈ ਥਾਈਂ ਆਸਾ ਦੀ ਵਾਰ ਦਾ ਕੀਰਤਨ ਆਪਣੇ ਸੁਖ ਸਹੂਲਤ ਅਨੁਸਾਰ ਦਿਨ ਚੜ੍ਹੇ ਬਾਅਦ ਸ਼ੁਰੂ ਹੁੰਦਾ ਹੈ।। 2-3 ਘੰਟੇ ਦੇ ਕੀਰਤਨ ਪਿਛੋਂ ਸਹਿਜੇ ਹੀ ਦੁਪਹਿਰ ਨੇੜੇ ਆ ਜਾਂਦੀ ਹੈ। ਉਸ ਵੇਲੇ ਤਕ ਮਨੁੱਖੀ ਬਿਰਤੀ ਖਿੰਡਣ ਲਗਦੀ ਹੈ। ਪਰ ਨਿੱਤ ਕਰਮ ਸਮਝ ਕੇ ਕੀਰਤਨ ਹੁੰਦਾ ਹੈ। ਪਰ ਸਤਿਗੁਰੂ ਜੀ ਨੇ ਤਾਂ ਕੀਰਤਨ ਦਾ ਸਮਾਂ ਅੰਮ੍ਰਿਤ ਵੇਲੇ ਦਾ ਰਖਿਆ ਹੈ। ਕਈ ਥਾਈਂ ਵਾਰ ਤਾਂ ਸਰਦੀ ਦੇ ਦਿਨਾਂ ਵਿਚ ਜਦੋਂ ਲੋਕੀਂ ਰਜਾਈਂ ਦਾ ਨਿਘ ਮਾਣ ਰਹੇ ਹੁੰਦੇ ਹਨ, 5-6 ਵਜੇ ਆਸਾ ਦੀ ਵਾਰ ਦਾ ਭੋਗ ਪੈ ਜਾਂਦਾ ਹੈ। ਕੀਰਤਨ ਅੰਮ੍ਰਿਤ ਵੇਲੇ 2-3 ਵਜੇ ਆਰੰਭ ਕੀਤਾ ਗਿਆ ਹੁੰਦਾ ਹੈ। ਰਾਗੀ ਜਥਾ ਕੀਰਤਨ ਕਰਦਾ ਹੈ ਤੇ ਗੁਰੂ ਪਿਆਰੀ ਸੰਗਤ ਕੰਨਾਂ ਨਾਲ ਕੀਰਤਨ ਸੁਣਦੀ ਹੈ, ਹੱਥਾਂ ਨਾਲ ਮਾਲਾ ਫੇਰਦੀ ਹੈ, ਰਸਨਾ ਨਾਲ ਨਾਮ ਸਿਮਰਨ ਕਰਦੀ ਹੈ ਤੇ ਨੇਤਰਾਂ ਨਾਲ ਸਤਿਗੁਰੂ ਜੀ ਦੇ ਦਰਸ਼ਨ ਕਰਦੀ ਹੈ। ਇਸ ਸਮੇਂ ਪਸ਼ੂਆਂ ਗਲ ਟੱਲੀਆਂ ਦੀ, ਪੰਛੀਆਂ ਦੀ ਚਹਿਚਹਾਉਟ ਦੀ, ਟਰੈਕਟਰਾਂ, ਕਾਰਾਂ, ਸਕੂਟਰਾਂ ਤੇ ਹੋਰ ਆਵਾਜਾਈ ਦੇ ਸਾਧਨਾਂ ਦੀ, ਲਾਊਡ ਸਪੀਕਰਾਂ ਦੀ ਤੇ ਰੌਲੇ ਰੱਪੇ ਦੀ ਆਵਾਜ਼ ਉਹਨਾਂ ਦੀ ਬਿਰਤੀ ਨੂੰ ਉਚਾਟ ਨਹੀਂ ਕਰਦੀ ਕਿਉਂਕਿ ਇਹ ਕਾਰਜ਼ਸ਼ੀਲ ਹੀ ਨਹੀਂ ਹੁੰਦੇ।

ਅੰਮ੍ਰਿਤ ਵੇਲੇ ਨੂੰ ਸ਼ਾਸ਼ਤਰਾਂ ਵਿਚ ਬ੍ਰਹਮ ਮਹੂਰਤ ਕਿਹਾ ਗਿਆ ਹੈ। ਗੁਰਬਾਣੀ ਵਿਚ ਇਸ ਲਈ, ਅੰਮ੍ਰਿਤ ਵੇਲਾ, ਪਿੱਛਲ ਰਾਤ, ਝਾਲਾਘੇ, ਪ੍ਰਭਾਤ ਆਦਿ ਸ਼ਬਦ ਵਰਤੇ ਗਏ ਹਨ। ਇਹ ਸਮਾਂ ਅੱਧੀ ਰਾਤ ਤੋਂ ਬਾਅਦ ਦਾ ਹੁੰਦਾ ਹੈ। ਆਮ ਤੌਰ ਤੇ ਸਵਾ ਪਹਿਰ ਦਾ ਤੜਕਾ, ਭਾਵ ਸੂਰਜ ਦੀ ਰੌਸ਼ਨੀ ਤੋਂ 4 ਕੁ ਘੰਟੇ ਪਹਿਲਾਂ ਇਹ ਸਮਾਂ ਸ਼ੁਰੂ ਹੁੰਦਾ ਹੈ। ਇਸ ਸਮੇਂ ਉਠ ਕੇ ਕਿਸੇ ਵੀ ਕੰਮ ਨੂੰ ਕਰਨ ਲਗੀਏ, ਜੀਅ ਕਰਦਾ ਹੈ, ਕੰਮ ਵੱਧ ਮੁਕਦਾ ਹੈ, ਪ੍ਰਭੂ ਦੇ ਪਿਆਰਿਆਂ ਲਈ ਸਰਬੋਤਮ ਕੰਮ ਅਕਾਲ ਪੁਰਖ ਦੀ ਭਗਤੀ ਵਿਚ ਲੀਨ ਹੋਣ ਦਾ ਹੈ। ਪੁਰਾਣੇ ਸਮੇਂ ਵਿਚ ਭਾਰਤੀ ਭਗਤੀ ਪਰੰਪਰਾ ਅਨੁਸਾਰ ਸਾਧਕ ਅੰਮ੍ਰਿਤ ਵੇਲੇ ਜਾਗ ਕੇ, ਇਸ਼ਨਾਨ ਪਾਣੀ ਕਰਕੇ, ਤਪ ਸਾਧਨਾ ਵਿਚ ਲੀਨ ਹੋ ਜਾਂਦੇ ਰਹੇ ਹਨ। ਕੁਦਰਤ ਦੀ ਗੋਦ ਵਿਚ ਦਰਿਆ ਕਿਨਾਰੇ, ਮਨ ਬਿਰਤੀ ਇਕਾਗਰ ਕਰਕੇ ਜਪ ਕਰਨ ਬੈਠੇ ਰਿਸ਼ੀ ਮੁਨੀ ਕਈ ਵਾਰ ਤਾਂ ਆਪਣੇ ਅੰਦਰ ਅਕਾਲ ਪੁਰਖ ਦੇ ਪ੍ਰਗਟ ਹੋਣ ਦਾ ਅਹਿਸਾਸ ਕਰਦੇ ਰਹੇ ਹਨ। ਹਾਂ ਕੁਝ ਭਗਤ ਲੋਕਾਂ ਸਾਹਮਣੇ ਤਪ ਦਾ ਵਖਾਲਾ ਕਰਦੇ ਹਨ।

ਸਧਾਰਨ ਵਿਹਾਰੀ ਮਨੁੱਖ ਆਪਣੇ ਤੇ ਆਪਣੇ ਬਾਲ-ਬੱਚੇ ਲਈ, ਰੋਜ਼ੀ-ਰੋਟੀ ਲਈ, ਓਹੜ-ਪੋਹੜ ਕਰਨ ਲਈ ਸਵੇਰੇ ਘਰੋਂ ਨਿਕਲਦਾ ਹੈ, ਮਿਹਨਤ ਮੁਸ਼ਕਤ ਕਰਕੇ ਥਕਿਆ ਹਾਰਿਆ ਉਹ ਰਾਤੀਂ ਘਰ ਮੁੜਦਾ ਹੈ। ਥਕਾਵਟ ਨੂੰ ਨੀਂਦ ਦੂਰ ਕਰ ਸਕਦੀ ਹੈ। ਰਾਤ ਨੂੰ ਸੌਂ ਕੇ ਸਵਾ ਪਹਿਰ ਦੇ ਤੜਕੇ ਤੱਕ ਉਹ ਤਰੋ ਤਾਜ਼ਾ ਹੋ ਸਕਦਾ ਹੈ ਤੇ ਅੰਮ੍ਰਿਤ ਵੇਲੇ ਦਾ ਸਮਾਂ ਭਗਤੀ ਨੂੰ ਦੇ ਸਕਦਾ ਹੈ। ਇਸ ਸਮੇਂ ਉਸਨੂੰ ਨਾ ਕੋਈ ਥਕੇਵਾਂ ਹੁੰਦਾ ਹੈ, ਨਾ ਅੱਖਾਂ ਵਿਚ ਨੀਂਦ, ਨਾ ਚਿੰਤਾ ਤੇ ਨਾ ਹੀ ਕੋਈ ਮੁਸ਼ੱਕਤ ਅਤੇ ਉਸਦੀ ਬਿਰਤੀ ਖਿਡਾਉਣ ਵਾਲੇ ਸਾਧਨ ਵੀ ਦੂਰ ਹੁੰਦੇ ਹਨ। ਹਾਂ! ਮਾਲਕ ਨੇੜੇ ਹੁੰਦਾ ਹੈ।

ਚੌਕੜਾ ਮਾਰ ਕੇ ਭਜਨ ਲਈ ਬਹਿਣ ਦਾ ਕਾਰਜ ਖਾਣ ਪੀਣ ਤੋਂ ਪਹਿਲਾਂ ਹੁੰਦਾ ਹੈ। ਸਰੀਰ ਦੀ ਜਿਹੜੀ ਊਰਜਾ ਖਾਧਾ-ਪੀਤਾ ਹਜ਼ਮ ਕਰਨ ਲਈ ਲਗਣੀ ਹੁੰਦੀ ਹੈ, ਬਚੀ ਹੁੰਦੀ ਹੈ। ਰਾਤ ਦਾ ਖਾਧਾ-ਪੀਤਾ ਹਜ਼ਮ ਹੋ ਚੁੱਕਿਆ ਹੁੰਦਾ ਹੈ, ਪੇਟ ਖਾਲੀ ਹੁੰਦਾ ਹੈ, ਸੌ ਅੰਮ੍ਰਿਤ ਵੇਲੇ ਬੈਠਣ ਵਿਚ ਔਖ ਨਹੀਂ ਹੁੰਦੀ।

ਸੰਸਾਰਕ ਸੁਖ ਦੇ ਸਾਧਨ ਤੇ ਉਹਨਾਂ ਨੂੰ ਪ੍ਰਾਪਤ ਕਰਨ ਦੀ ਤੀਬਰ ਇੱਛਾ ਤੇ ਲੋਭ ਲਾਲਚ ਮਨੁੱਖ ਨੂੰ ਬ੍ਰਹਮ ਮਹੂਰਤ ਦੇ ਸੁਖ ਤੋਂ ਵੰਚਿਤ ਕਰ ਰਹੇ ਹਨ। ਕਿਉਂਕਿ ਇਕ ਤਾਂ ਰੁਪੱਈਆ-ਪੈਸਾ ਕਮਾਉਣ ਲਈ ਮਨੁੱਖ ਦਿਨੇ ਕੰਮ ਕਰਨ ਦੇ ਨਾਲ ਨਾਲ ਰਾਤ ਵੀ ਮਸ਼ੀਨ ਨਾਲ ਮਸ਼ੀਨ ਹੁੰਦਾ ਨਜ਼ਰ ਆ ਰਿਹਾ ਹੈ। ਦੂਜਾ ਉਹ ਆਪਣੇ ਮਨ ਪਰਚਾਵੇ ਲਈ ਰੇਡੀਓ, ਟੈਲੀਵਿਜ਼ਨਾਂ, ਕਲੱਬਾਂ, ਸਿਨੇਮਾ ਘਰਾਂ, ਹੋਟਲਾਂ ਨਾਲ ਜੁੜ ਕੇ ਸਮਾਂ ਬਿਤਾਉਣ ਲੱਗ ਪਿਆ ਹੈ। ਹਾਂ! ਰੇਡੀਓ ਬੀਤੇ ਦੀ ਗੱਲ ਨਜ਼ਰ ਆਉਣ ਲੱਗ ਪਈ ਹੈ। ਟੇਪ ਰਿਕਾਰਡ ਵੀ ਰਾਹ ਜਾਂਦਿਆਂ ਕਾਰਾਂ ਵਿਚ ਹੀ ਸੁਣੀਂਦੇ ਹਨ। ਟੈਲੀਵਿਜ਼ਨ ਦਾ ਵਿਸਥਾਰ ਵੀ. ਸੀ. ਆਰ., ਕੇਬਲ ਟੀ. ਵੀ., ਸਟਾਰ ਟੀ. ਵੀ., ਐਮ. ਟੀ. ਵੀ., ਅਤੇ ਜੀ. ਟੀ. ਵੀ. ਤੋਂ ਅੱਗੇ ਵੱਧ ਰਿਹਾ ਹੈ। ਪ੍ਰੋਗਰਾਮ ਵੀ ਐਸੇ ਦਿੱਤੇ ਜਾਂਦੇ ਹਨ ਕਿ ਅੱਖਾਂ ਨੂੰ ਲੁਭਾਵਣੇ ਲਗਦੇ ਹਨ, ਦਿਲ ਵਿਚ ਹਲਚਲ ਪੈਦਾ ਕਰਦੇ ਹਨ, ਬਿਰਤੀ ਨੂੰ ਭੌਤਿਕਵਾਦੀ ਵਸਤਾਂ ਨਾਲ ਜੋੜਦੇ ਹਨ ਤੇ ਕਾਮੁਕਤਾ ਪੈਦਾ ਕਰਦੇ ਹਨ। ਫਿਰ ਸਮੇਂ ਦਾ ਕੋਈ ਹੱਦ ਬੰਨ੍ਹਾ ਨਹੀਂ, ਜਦੋਂ ਮਰਜ਼ੀ ਜੋ ਮਰਜ਼ੀ ਵੇਖੋ। ਅੱਖਾਂ ਖਰਾਬ ਕਰੋ, ਮਨ ਮੈਲਾ ਕਰੋ ਤੇ ਸਮਾਂ ਬਰਬਾਦ ਕਰੋ। ਇਹ ਪ੍ਰੋਗਰਾਮ ਦੇਰ ਰਾਤ ਤਕ ਵੇਖੇ ਜਾਂਦੇ ਹਨ। ਵੇਖਣ ਵਾਲੇ ਬਹੁਤ ਦਰਸ਼ਕ, ਮਨੁੱਖ ਦਾ ਭਵਿਖ ਨੌਜਵਾਨ ਬੱਚੇ ਹੁੰਦੇ ਹਨ ਜਾਂ ਫਿਰ ਉਸ ਭਵਿਖ ਨੂੰ ਬਣਾਉਣ ਵਿਗਾੜਨ ਵਾਲੀਆਂ ਔਰਤਾਂ ਹੁੰਦੀਆਂ ਹਨ, ਮਨੁੱਖ ਕਲੱਬਾਂ ਵਿਚ ਐਸ਼ ਕਰਕੇ ਘਰ ਆ ਮੂਧੜੇ ਮੂੰਹ ਪੈ ਜਾਂਦੇ ਹਨ। ਇਹਨਾਂ ਨਾਈਟ ਕਲੱਬਾਂ ਨੇ ਵੀ ਸਾਡੀਆਂ ਮਾਰਨਿੰਗ ਕਲੱਬਾਂ ਖੋਹ ਲਈਆਂ ਹਨ। ਦੇਰ ਰਾਤ ਤਕ ਜਾਗਣ ਵਾਲੇ ਪਿੱਛਲ ਰਾਤ ਉਠ ਕਿਵੇਂ ਸਕਦੇ ਹਨ।

ਸੇਖ ਫਰੀਦ ਜੀ ਪਿਛਲ ਰਾਤ ਨਾ ਜਾਗਣ ਵਾਲਿਆਂ ਨੂੰ ਜਿਊਂਦੇ ਮੋਏ ਮੰਨਦੇ ਹਨ :

***ਫਰੀਦਾ ਪਿਛਲ ਰਾਤਿ ਨ ਜਾਗਿਓਹਿ***
***ਜੀਵਦੜੋ ਮੁਇਓਹਿ।।***
***ਜੇ ਤੈ ਰਬੁ ਵਿਸਾਰਿਆ***
***ਤ ਰਬਿ ਨ ਵਿਸਰਿਓਹਿ।।***

ਰੱਬ ਨੂੰ ਚੇਤੇ ਰੱਖਣ, ਉਸ ਦਾ ਸਿਮਰਨ ਕਰਨ ਲਈ ਪਿੱਛਲ ਰਾਤ ਦਾ ਹੀ ਨਹੀਂ, ਸ਼ੰਮਸ ਤਬਰੇਜ ਅਨੁਸਾਰ ਸਾਰੀ ਰਾਤ ਦਾ ਸਮਾਂ ਹੈ - ਰਾਤ ਪਿਆਰੇ ਦੇ ਪ੍ਰਗਟ ਹੋਣ ਦਾ ਸਮਾਂ ਹੈ। ਇਹ ਸਮਾਂ ਸੌਂ ਕੇ ਬਿਤਾ ਦੇਣਾ ਆਪਣੇ ਆਪ ਨਾਲ ਜ਼ੁਲਮ ਕਰਨਾ ਹੈ। ਦਿਨ ਕੰਮਾਂ ਤੇ ਵਿਹਾਰਾਂ ਲਈ ਤੇ ਰਾਤ (ਹਕੀਕੀ) ਇਸ਼ਕ ਤੇ ਭਗਤੀ ਦੀ ਕਮਾਈ ਲਈ ਹੁੰਦੀ ਹੈ ਤਾਂ ਜੋ ਸਾਰੀ ਰਾਤ ਰੱਬ ਨਾਲ ਗੱਲਾਂ ਕਰਦੇ ਗੁਜ਼ਰੇ। ਰਾਤੀਂ ਜਦੋਂ ਦੁਨੀਆਂ ਸੌਂਦੀ ਹੈ ਤਾਂ ਭਗਤ ਜਨ ਜਾਗਦੇ ਹਨ। ਭਗਵਤ ਗੀਤਾ ਵਿਚ ਭਗਵਾਨ ਕ੍ਰਿਸ਼ਨ ਦਾ ਕਥਨ ਹੈ :

*ਯਾ ਨਿਸ਼ਾ ਸਰਵ ਭੂਤਨਾਂ,*
*ਤਸਯਾਂ ਜਾਗਰਤਿ ਸੰਯਮੀ।*
*ਯਸਯਾਂ ਜਾਗ੍ਰਤਿ ਭੂਤਾਨਿ,*
*ਸਾ ਨਿਸ਼ਾ ਪਸ਼ਯਤੋ ਮੁਨੇਹ।*

ਜਾਨ ਐਸ ਹੈਲੈਡ, ਦੀ ਲਾਈਟ ਆਫ਼ ਕ੍ਰਾਈਸਟ ਵਿਚ ਲਿਖਦੇ ਹਨ :

ਪਹੁ ਫੁੱਟਣ ਤੋਂ ਪਹਿਲਾਂ ਹਿੰਦ ਵਿਚ ਰਾਤ ਦਾ ਇਕ ਖਾਸ਼ ਘੰਟਾ ਹੁੰਦਾ ਹੈ ਜਦੋਂ ਆਕਾਸ਼ ਵਿਚ ਤਾਰੇ ਸਾਫ਼ ਆਪ ਪ੍ਰਕਾਸ਼ ਵਿਚ ਡੁਲੱਕਦੇ ਹਨ। ਰੁੱਖ ਚੁੱਪ ਚਾਪ ਸਾਡੇ ਕੋਲ ਦੋਸਤਾਂ ਵਾਂਗ ਖੜ੍ਹੇ ਲਗਦੇ ਹਨ, ਅਜੇ ਪੰਛੀਆਂ ਦੇ ਜਾਗਣ ਦੀ ਆਵਾਜ਼ ਨਹੀਂ ਹੁੰਦੀ। ਸਾਰਾ ਸੰਸਾਰ ਬੜਾ ਜ਼ਿੰਦਾ ਤੇ ਖਾਮੋਸ਼ ਚਾਹ ਭਰੀ ਜਾਪਦਾ ਹੈ। ਐਸ ਵੇਲੇ ਰੂਹ ਦੀ ਸਦਾ ਖੂਬਸੂਰਤੀ ਤੇ ਸੱਚ ਦੇ ਜਾਨਣ ਵਿਚ ਕੋਈ ਰੁਕਾਵਟ ਨਹੀਂ ਹੁੰਦੀ।

ਭਾਈ ਨੰਦ ਲਾਲ ਦਾ ਕਥਨ ਹੈ :

*ਗੁਰ ਸਿੱਖਾਂ ਦਾ ਇਹੀ ਜੀਵਨ,*
*ਜਾਗਣ ਪਿਛਲੇ ਪਹਿਰੇ।*
*ਗੋਇਆ ਅਗੋਂ ਛੱਡੀ ਨੀਂਦਰ,*
*ਏਹਾ ਲਈਏ ਲਹਿਰੇ।*

ਜਾਗ ਕੇ ਕਰਨ ਵਾਲੇ ਕੰਮ ਬਾਰੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਦਰਜ਼ ਹੈ :

***ਪਰਭਾਤੇ ਪ੍ਰਭ ਨਾਮਿ ਜਪਿ***
***ਗੁਰ ਕੈ ਚਰਣ ਧਿਆਇ।***
***ਜਨਮ ਮਰਣ ਮਲੁ ਉਤਰੈ***
***ਸਚੈ ਕੇ ਗੁਣ ਗਾਇ।***

ਅੰਮ੍ਰਿਤ ਵੇਲੇ ਵਤਰ ਲੱਗੇ ਸਮੇਂ ਨਾਮ ਬੀਜਣ ਨਾਲ ਪ੍ਰਾਪਤ ਧਨ ਬਾਰੇ ਗੁਰੂ ਰਾਮਦਾਸ ਜੀ ਦੀ ਬਾਣੀ ਯਾਦ ਰਹਿਣੀ ਚਹੀਦੀ ਹੈ :

***ਹਰਿ ਧਨੁ ਰਤਨੁ ਜਵੇਹਰੁ ਮਾਣਕੁ***
***ਹਰ ਧਨੈ ਨਾਲਿ ਅੰਮ੍ਰਿਤ ਵੇਲੈ ਵਤੈ***
***ਹਰਿ ਭਗਤੀ ਹਰਿ ਲਿਵ ਲਾਈ।।***
***ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ***
***ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ।।***
***ਕਲਤਿ ਪਲਤਿ ਹਰਿ ਧਨੈ ਕੀ***
***ਭਗਤਾ ਕਉ ਮਿਲੀ ਵਡਿਆਈ।।***

ਸਤਿਗੁਰੂ ਜੀ ਨੇ ਗੁਰਸਿੱਖਾਂ ਨੂੰ ਅੰਮ੍ਰਿਤ ਵੇਲੇ ਉਠ ਕੇ ਨਾਮ ਸਿਮਰਨ ਕਰਨ ਦਾ ਅਭਿਆਸ ਕਰਵਾਉਣ ਲਈ ਅੱਸੂ ਦਾ ਮਹੀਨਾ ਜਪ ਪ੍ਰਯੋਗ ਰੱਖਿਆ ਹੁੰਦਾ ਹੈ। ਇਸ ਵਿਚ ਹਿੱਸਾ ਲੈ ਕੇ ਅਸੀਂ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕਦੇ ਹਾਂ ਅਤੇ ਆਪਣਾ ਹਲਤ ਪਤਲ ਸਵਾਰ ਸੱਕਣ ਲਈ ਹਰਿ ਧਨ ਇਕਠਾ ਕਰ ਸਕਦੇ ਹਾਂ।

**-ਤਾਰਾ ਸਿੰਘ ਅਨਜਾਣ**

---

## ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼

**ਕਰਤਾ : ਸੰਤ ਕਾਲਾ ਸਿੰਘ, ਸੰਪਾਦਕ : ਦੇਵਿੰਦਰ ਸਿੰਘ ਗਿੱਲ ਜੀਆ ਨੱਥਾ**

### ਸ੍ਰੀ ਸਤਿਗੁਰੂ ਜੀ ਨੇ ਦਰਬਾਰ ਦਰਸ਼ਨ ਕਰਨ ਨੂੰ ਜਾਣਾ

**ਬਜੇ ਢੋਲਕੀ ਹੱਲੇ ਦਾ ਸਬਦ ਹੋਵੇ ਦਰਸ਼ਨ ਕਰਨ ਨੂੰ ਜਾਣ ਦਰਵਾਰ ਸਾਰੇ।**
**ਮੂਹਰੇ ਗੁਰੂ ਜੀ ਸਿੰਘਾਂ ਪ੍ਰਸਾਦਿ ਲੀਤਾ ਪਿਛੇ ਸਿੰਘ ਹੈਸਨ ਨਰੁ ਨਾਰ ਸਾਰੇ।**
**ਬਜੀ ਢੋਲਕੀ ਸ਼ਬਦ ਨੇ ਠਾਠ ਦਿਤੀ ਸਿੰਘ ਮਸਤ ਹੋਏ ਇੱਕੇ ਵਾਰ ਸਾਰੇ।**
**ਤਾਰ ਖਿੱਚ ਲਈ ਬੱਸ ਨਾ ਪੂਤਲੀ ਦੇ ਪੈਂਦੀ ਸ਼ਬਦ ਦੀ ਚੋਟ ਦੀ ਮਾਰ ਸਾਰੇ।**
**ਲੋਟ ਪੋਟ ਹੋਏ ਕਈ ਧਰਤ ਉੱਤੇ ਖੁਲੇ ਕੇਸ ਦਸਤਾਰ ਉਤਾਰ ਸਾਰੇ।**
**ਮਾਈਆਂ ਬੀਬੀਆਂ ਮਾਂਗਨੇ ਪੂਤਲੀ ਦੇ ਹੋਈਆਂ ਮਸਤ ਨੇ ਕੇਸ ਖਲਾਰ ਸਾਰੇ।**

(ਚਲਦਾ)

---

## ਸ੍ਰੀ ਸਾਵਣ ਕਿਰਪਾਲ ਰੂਹਾਨੀ ਮਿਸ਼ਨ ਦੇ ਸਤਿਸੰਗ...(ਬਾਕੀ ਸਫਾ 1 ਦੀ)

ਅੱਜ ਦਿਨ ਸੋਮਵਾਰ ਕਿਰਪਾਲ ਬਾਗ ਵਿਖੇ ਭਰਪੂਰ ਰੌਣਕਾਂ ਸਨ। ਦਿੱਲੀ ਦੀ ਨਾਮਧਾਰੀ ਸੰਗਤ ਵੀ ਸਮਾਗਮ ਵਿੱਚ ਪੁੱਜੀ ਹੋਈ ਸੀ। ਸ਼ਾਮੀਂ ਸੱਤ ਵਜੇ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਸਿੱਖਾਂ ਸੇਵਕਾਂ ਸਹਿਤ ਦਰਸ਼ਨ ਦਿੱਤੇ। ਹਜ਼ੂਰੀ ਸੇਵਕ ਰਛਪਾਲ ਸਿੰਘ ਵੀ ਪਹਿਲੋਂ ਪਹੁੰਚੇ ਹੋਏ ਸਨ- ਸ੍ਰੀ ਮਹਾਰਾਜ ਰਜਿੰਦਰ ਸਿੰਘ ਜੀ ਦੇ ਸੇਵਕ/ਸਕੱਤਰ ਜੀ. ਐਸ. ਗਰੋਵਰ ਜੀ ਅਤੇ ਹੋਰ ਪਤਵੰਤੇ ਸੱਜਣਾਂ ਨੇ ਫੁੱਲਾਂ ਦੇ ਹਾਰਾਂ ਨਾਲ ਸ੍ਰੀ ਸਤਿਗੁਰੂ ਜੀ ਦਾ ਸਵਾਗਤ ਕੀਤਾ। ਵਿਸ਼ਾਲ ਪੰਡਾਲ ਵਿੱਚ ਸੁੰਦਰ ਸੱਜੇ ਹੋਏ ਮੰਚ ਤੇ ਮਹਾਰਾਜ ਰਜਿੰਦਰ ਸਿੰਘ ਜੀ ਅਤੇ ਸਾਧੂ ਜਨ ਸੁਭਾਇਮਾਨ ਸਨ। ਮਹਾਰਾਜ ਜੀ ਨੇ ਸ੍ਰੀ ਸਤਿਗੁਰੂ ਜੀ ਨੂੰ ਬੜੇ ਪ੍ਰੇਮ ਨਾਲ ਜੀਓ ਆਇਆ ਕਿਹਾ ਅਤੇ ਸ੍ਰੀ ਸਤਿਗੁਰੂ ਜੀ ਮੰਚ ਤੇ ਬਿਰਾਜਮਾਨ ਹੋ ਗਏ। ਵਿਸ਼ਾਲ ਪੰਡਾਲ ਵਿੱਚ ਦੂਰ ਤੱਕ ਹਜ਼ਾਰਾਂ ਦੀ ਗਿਣਤੀ ਦੀ ਸੰਗਤ ਵਿੱਚ ਮੰਚ ਦੇ ਸਾਮ੍ਹਣੇ ਸੈਂਕੜੇ ਵਿਦੇਸ਼ੀ ਵਿਸ਼ੇਸ਼ ਕਰਕੇ ਗੋਰੇ ਸ਼ਰਧਾਲੂ ਵੀ ਹਾਜ਼ਰ ਸਨ।

ਅੱਜ ਦਾ ਸਮਾਗਮ ਪ੍ਰੇਮ ਦੇ ਸਾਗਰ ਮਹਾਰਾਜ ਦਰਸ਼ਨ ਸਿੰਘ ਜੀ ਦੀ ਪਾਵਨ ਯਾਦ ਨੂੰ ਸਮਰਪਿਤ ਸੀ। ਭਾਈ ਰਵਿੰਦਰਜੀਤ ਸਿੰਘ ਜੀ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ। ਉਪਰੰਤ ਬੀਬੀ ਮਾਤਾ ਰੀਟਾ ਜੀ, ਰਿਮਝਿਮ ਜੀ, ਸ਼ਵੇਤਾ ਜੀ, ਬਬਲੀ ਜੀ ਅਤੇ ਕੁੱਝ ਪੱਛਮੀ ਸ਼ਰਧਾਲੂ ਸੇਵਕਾਂ ਨਾਲ ਮਿਲ ਕੇ ਸ਼ਬਦ ਗਾਇਨ ਕੀਤਾ।

ਮੰਚ ਤੇ ਡਾ. ਮੌਲਵੀ ਮੁਫਤੀ ਮੁਕਰਮ ਅਹਿਮਦ, ਸ੍ਰੀ ਸਵਾਮੀ ਵਿਗਿਆਨੰਦ ਜੀ ਮਹਾਰਾਜ, ਸਵਾਮੀ ਗੋਪਾਲ ਚਾਰਯ ਜੀ ਮਹਾਰਾਜ, ਸ੍ਰੀ ਮਾਈਕਲ ਗਰੇਸਨ ਜੀ (ਸਵਿਟਜ਼ਰਲੈਂਡ), ਫਾਦਰ ਬੈਂਟੋ ਰੋਡਰਿਜ਼ ਆਦਿ ਮਹਾਨ ਹਸਤੀਆਂ ਵੀ ਮੌਜੂਦ ਸਨ। ਸ੍ਰੀ ਮਹਾਰਾਜ ਰਜਿੰਦਰ ਜੀ ਨੇ ਅੱਜ ਦੇ ਵਖਿਆਨਾਂ ਦਾ ਸ਼ੁਭ-ਅਰੰਭ ਕਰਦਿਆਂ ਫੁਰਮਾਇਆ ਸ੍ਰੀ ਮਹਾਰਾਜ ਦਰਸ਼ਨ ਸਿੰਘ ਜੀ ਪਿਆਰ ਦੇ ਮਹਾਨ -ਸਾਗਰ ਸਨ, ਉਹਨਾਂ ਨੇ ਜੀਵਨ ਭਰ ਪਿਆਰ ਵੰਡਿਆ, ਹਰ ਕਿਸੇ ਨੂੰ ਇਵੇਂ ਹੀ ਮਹਿਸੂਸ ਹੁੰਦਾ ਸੀ ਕਿ ਉਹ ਮੈਨੂੰ ਹੀ ਸਭ ਤੋਂ ਵੱਧ ਪਿਆਰ ਕਰਦੇ ਹਨ। ਆਪ ਨੇ ਲੋਕਾਂ ਨੂੰ ਧਰਮ ਦੇ ਮਾਰਗ ਤੇ ਚੱਲਣ ਲਈ ਪ੍ਰੇਮਾਂ-ਭਗਤੀ ਦਾ ਮਾਰਗ ਹੀ ਦਰਸਾਇਆ ਅੱਜ ਮਹਾਰਾਜ ਜੀ ਦੇ ਜਨਮ-ਦਿਨ ਦੇ ਸ਼ੁਭ ਮੌਕੇ ਤੇ ਸਤਿਗੁਰੂ ਉਦੈ ਸਿੰਘ ਜੀ ਪਧਾਰੇ ਹਨ ਅਸੀਂ ਆਪਦਾ ਬਹੁਤ-ਬਹੁਤ ਧੰਨਵਾਦ ਕਰਦੇ ਹਾਂ।

ਉਪਰੰਤ ਮੰਚ ਸੰਚਾਲਕ ਸ੍ਰੀ ਵਾਈ. ਐਸ. ਚੌਹਾਨ ਜੀ ਨੇ ਬਹੁਤ ਹੀ ਅਦਬ ਅਤੇ ਨਿਮਰਤਾ ਸਹਿਤ ਸ੍ਰੀ ਸਤਿਗੁਰੂ ਜੀ ਨੂੰ ਉਪਦੇਸ਼ ਦੇਣ ਵਾਸਤੇ ਬੇਨਤੀ ਕੀਤੀ। ਸ੍ਰੀ ਸਤਿਗੁਰੂ ਜੀ ਦੇ ਸ਼ੁਭ-ਉਪਦੇਸ਼ ਸ਼ਬਦ-ਬ-ਸ਼ਬਦ ਪਾਠਕਾਂ ਦੇ ਦ੍ਰਿਸ਼ਟੀ ਗੋਚਰ ਹਨ।

ਮੰਚ ਸੰਚਾਲਨ ਸ੍ਰੀ ਚੌਹਾਨ ਜੀ ਨੇ ਸ੍ਰੀ ਸਤਿਗੁਰੂ ਜੀ ਦਾ ਬੜੇ ਹੀ ਭਾਵਪੂਰਤ ਸ਼ਬਦਾ 'ਚ ਧੰਨਵਾਦ ਕੀਤਾ। ਉਪਰੰਤ ਮਹਾਰਾਜ ਜੀ ਨੇ ਸਿਰੋਪਾਓ ਨਾਲ ਸ੍ਰੀ ਸਤਿਗੁਰੂ ਜੀ ਦਾ ਸਨਮਾਨ ਕੀਤਾ। ਰਛਪਾਲ ਸਿੰਘ ਸੇਵਕ ਦੋ ਯਾਦਗਾਰੀ ਤਸਵੀਰਾਂ ਮਾਊਂਟ ਕਰਵਾ ਕੇ ਲਿਆਏ ਸਨ ਜੋ ਸ੍ਰੀ ਸਤਿਗੁਰੂ ਜੀ ਨੇ ਮਹਾਰਾਜ ਰਜਿੰਦਰ ਸਿੰਘ ਜੀ ਨੂੰ ਅਰਪਨ ਕੀਤੀਆਂ। ਇਕ ਤਸਵੀਰ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਹਾਰਾਜ ਕਿਰਪਾਲ ਸਿੰਘ ਜੀ ਹਨ ਅਤੇ ਦੂਸਰੀ ਵਿੱਚ ਮਹਾਰਾਜ ਦਰਸ਼ਨ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੂੜੇ ਪ੍ਰੇਮ ਦੇ ਦਰਸ਼ਨ ਹੁੰਦੇ ਹਨ। ਕੁਝ ਸਮਾਂ ਸ੍ਰੀ ਸਤਿਗੁਰੂ ਜੀ ਨੇ ਵਿਦਿਵਾਨਾਂ ਦੇ ਵਖਿਆਣ ਸੁਣੇ ਅਤੇ ਫੇਰ ਮਹਾਰਾਜ ਜੀ ਨੇ ਆਪ ਹੀ ਕਿਹਾ ਕਿ ਆਪ ਜੀ ਨੇ ਲੰਬਾ ਸਫਰ ਵੀ ਕਰਨਾ ਹੈ, ਆਪ ਦਾ ਦਰਸ਼ਨ ਦੇਣ ਦਾ ਬਹੁਤ ਬਹੁਤ ਧੰਨਵਾਦ। ਸ੍ਰੀ ਸਤਿਗੁਰੂ ਜੀ ਨੌ ਕੁ ਵਜੇ ਆ ਗਏ ਕਿਉਂਕਿ ਕੱਲ 15 ਸਤੰਬਰ ਅੰਮ੍ਰਿਤਸਰ ਸ਼ਹੀਦੀ ਮੇਲੇ ਸਮੇਂ ਦਰਸ਼ਨ ਦੇਣੇ ਸਨ।

**-ਹਰਪਾਲ ਸਿੰਘ ਸੇਵਕ**

# ਗੁਰ-ਉਪਦੇਸ਼

# ਸ੍ਰੀ ਸਤਿਗੁਰੂ ਉਦੈ ਸਿੰਘ ਜੀ

## ਪਰਮਾਤਮਾ ਨਾਲ ਮਿਲਣ, ਸ਼ਾਕਾਹਾਰ ਅਤੇ ਨਸ਼ਾ ਮੁਕਤ ਸਮਾਜ ਸਿਰਜਣ ਦੀ ਸਾਂਝ



"ਆਦਰਣੀਯ ਮਹਾਰਾਜ ਰਜਿੰਦਰ ਸਿੰਘ ਜੀ, ਮੰਚ ਪਰ ਵਿਰਾਜਮਾਨ ਸਭੀ ਸੰਤ-ਜਨ ਔਰ ਦੂਰ-ਦੂਰ ਸੇ ਆਏ ਸੱਤ-ਸੰਗੀਓ, ਸਭ ਸੇ ਪਹਿਲੇ ਮੈਂ ਆਦਰਣੀਯ ਮਹਾਰਾਜ ਦਰਸ਼ਨ ਸਿੰਘ ਜੀ ਕੇ ਜਨਮ-ਦਿਨ ਕੀ ਆਪ ਸਭ ਕੋ ਸ਼ੁਭ ਕਾਮਨਾਏਂ ਦੇਤਾ ਹੂੰ।

ਹਮਾਰੇ ਨਾਮਧਾਰੀ ਸਮਾਜ ਕੇ ਔਰ ਸ੍ਰੀ ਸਾਵਣ-ਕਿਰਪਾਲ ਰੂਹਾਨੀ ਮਿਸ਼ਨ ਕੇ ਸੰਬੰਧ ਪੀੜੀਓਂ ਸੇ ਹੈ, ਹਮਾਰੀ ਸਾਂਝ ਹੈ ਸ਼ਾਕਾਹਾਰ ਕੀ, ਪਰਮਾਤਮਾ ਸੇ ਮਿਲਨੇ ਕੀ, ਨਸ਼ਾ-ਮੁਕਤਿ ਸਮਾਜ ਕੀ ਸਿਰਜਨਾ ਕਰਨੇ ਕੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕੇ ਸਮਯ ਮੇਂ ਭੀ ਮਹਾਰਾਜ ਸਾਵਣ ਸਿੰਘ ਜੀ ਸ੍ਰੀ ਭੈਣੀ ਸਾਹਿਬ ਹਮਾਰੇ ਹੈਡ ਕੁਆਟਰ ਮੇਂ ਦਰਸ਼ਨ ਦੀਆ ਕਰਤੇ ਥੇ। ਸਤਿਗੁਰੂ ਜੀ ਔਰ ਮਹਾਰਾਜ ਜੀ ਮੇਂ ਅਧਿਆਤਮ ਕੀ, ਨਾਮ ਕੀ, ਆਤਮਾ ਔਰ ਪਰਮਾਤਮਾ ਕੇ ਮਿਲਨੇ ਕੀ ਚਰਚਾ ਹੋਤੀ ਥੀ।

ਸਤਿਗੁਰੂ ਜਗਜੀਤ ਸਿੰਘ ਜੀ ਕਾ ਮਹਾਰਾਜ ਦਰਸ਼ਨ ਸਿੰਘ ਜੀ ਕੇ ਸਾਥ ਬਹੁਤ ਪ੍ਰੇਮ ਥਾ। ਏਕ ਬਾਰ 1980 ਈ. ਕੀ ਬਾਤ ਹੈ, ਯਹਾ ਸੇ ਸਤਿਗੁਰੂ ਜੀ ਕੋ ਆਮੰਤ੍ਰਿਤ ਕੀਆ ਗਯਾ ਔਰ ਸ੍ਰੀ ਸਤਿਗੁਰੂ ਜੀ ਕੁਛ ਜ਼ਰੂਰੀ ਕਾਮ ਮੇਂ ਵਿਅਸਤ ਥੇ ਤੋ ਉਹਨੋ ਨੇ ਕੁਛ ਸੇਵਕੋਂ ਕੋ ਯਹਾਂ ਭੇਜ ਦੀਆ। ਫਿਰ ਰਾਤ ਕੋ ਸਾਢੇ ਨੌ ਬਜੇ ਸ੍ਰੀ ਸਤਿਗੁਰੂ ਜੀ ਖੁਦ ਪਹੁੰਚ ਗਏ ਔਰ ਆ ਕਰ ਕਹਾ ਕਿ ਮਹਾਰਾਜ ਦਰਸ਼ਨ ਸਿੰਘ ਜੀ ਕੇ ਪ੍ਰੇਮ ਨੇ ਮੁਝੇ ਵਿਵਸ਼ ਕਰ ਦੀਆ ਔਰ ਮੁਝਸੇ ਰਹਾ ਨਹੀਂ ਗਇਆ ਤੋ ਮੈਂ ਚਲਾ ਆਯਾ ਹੂੰ। ਐਸੇ ਘਨਿਸ਼ਟ ਸਬੰਧ ਹੈਂ ਹਮਾਰੇ। ਮੈਂ ਆਪਕਾ ਬਹੁਤ ਧੰਨਯਵਾਦੀ ਹੂੰ, ਆਪ ਨੇ ਮੁਝੇ ਆਮੰਤ੍ਰਿਤ ਕੀਆ ਔਰ ਆਪ ਸਭ ਸਤਸੰਗੀਓਂ ਕਾ ਦਰਸ਼ਨ ਕਰਨੇ ਕਾ ਅਵਸਰ ਦੀਆ।

ਅਧਿਆਤਮਵਾਦ ਏਕ ਯਾਤਰਾ ਹੈ। ਔਰ ਹਮ ਜਬ ਭੀ ਕੋਈ ਯਾਤਰਾ ਆਰੰਭ ਕਰਤੇ ਹੈਂ ਤੋ ਜੈਸੇ ਆਜ ਕਲ ਗੂਗਲ ਸਰਚ ਆ ਗਏ ਹੈਂ ਤੋ ਹਮ ਦੇਖਤੇ ਹੈ ਕਿ ਹਮਾਰਾ ਡੈਸਟੀਨੇਸ਼ਨ ਕਹਾਂ ਹੈ, ਹਮਨੇ ਕਹਾਂ ਪਹੁੰਚਨਾ ਹੈ, ਔਰ ਹਮ ਖੜੇ ਕਹਾਂ ਹੈਂ? ਅਗਰ ਹਮ ਦੇਖੇਂ ਕਿ ਹਮ ਕਹਾਂ ਖੜੇ ਹੈ, ਹਮ ਖੜੇ ਹੈ, ਜਹਾਂ ਮਾਇਆ ਕਾ ਪ੍ਰਭਾਵ ਹੈ। ਹਮ ਸਮਝਤੇ ਹੈ ਕਿ ਮੈਂ ਹੀ ਕਰਨੇ ਵਾਲਾ ਹੂੰ- ਗੁਰਬਾਣੀ ਮੇ ਲਿਖਾ ਹੈ- **'ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ'** ਔਰ ਫਿਰ ਕਯਾ ਹੋਤਾ ਹੈ- **'ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ'** ਜਬ ਵੋ ਕਰਨੇ ਵਾਲਾ ਪਰਮਾਤਮਾ ਬਿਸਰ ਜਾਤਾ ਹੈ ਤੋਂ ਹਮੇਂ ਐਸਾ ਹੀ ਲਗਤਾ ਹੈ ਕਿ ਮੈਂ ਕਰੂੰਗਾ, ਮੈਂ ਕਰਤਾ ਹੂੰ, ਤਬ ਹਮੇਂ ਦੁਖ ਹੀ ਦੁਖ ਰਹਿਤਾ ਹੈ- ਗੁਰਬਾਣੀ ਮੇਂ ਜੈਸੇ ਲਿਖਾ ਹੈ ਕਿ **'ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ'**- ਤੋ ਫਿਰ ਕਿਆ ਹੋਤਾ ਹੈ-**'ਜਬ ਕਛੁ ਪਾਵੈ ਤਬ ਗਰਬੁ ਕਰਤਹੈ, ਮਾਇਆ ਗਈ ਤਬ ਰੋਵਨੁ ਲਗਤੁ ਹੈ'**

ਹਮਾਰੀ ਅਵਸਥਾ ਐਸੀ ਹੋ ਜਾਤੀ ਹੈ, ਜਬ ਹਮੇਂ ਕੁਛ ਮਿਲ ਜਾਤਾ ਹੈ ਤੋ ਹਮੇਂ ਬਹੁਤ ਖ਼ੁਸ਼ੀ ਹੋਤੀ ਹੈ ਕਿ ਮੈਨੇ ਯਹ ਪਾ ਲਿਆ ਔਰ ਹਮ ਗਰਵ ਸੇ ਫੂਲੇ ਨਹੀਂ ਸਮਾਤੇ ਔਰ ਜਬ ਥੋੜਾ ਸਾ ਨੁਕਸਾਨ ਹੋ ਜਾਤਾ ਹੈ ਤੋ ਹਮ ਰੋਨੇ ਲਗ ਜਾਤੇ ਹੈ। ਜਿਤਨੀ ਦੇਰ ਹਮ ਐਸੇ ਸੋਚਤੇ ਹੈ-**'ਜਬ ਲਗੁ ਜਾਨੈ ਮੁਝ ਤੇ ਕਛੁ ਹੋਇ। ਤਬ ਇਸ ਕਉ ਸੁਖੁ ਨਾਹੀ ਕੋਇ'** ਜਬ ਤਕ ਹਮ ਮਾਇਆ ਕੇ ਪ੍ਰਭਾਵ ਮੇਂ ਹੈ, ਹਮੇਂ ਲਗਤਾ ਹੈ ਕਿ ਮੇਰਾ ਕੀਆ ਕੁਛ ਹੋਤਾ ਹੈ, ਤਬ ਤਕ ਸੁਖ ਨਹੀਂ ਹੋਤਾ, ਹਮੇਂ ਏਕ ਚੀਜ ਮਿਲ ਜਾਤੀ ਹੈ ਤੋ ਹਮ ਦੂਸਰੀ ਕੋ ਪਾਨੇ ਕੇ ਲੀਏ ਭਾਗਤੇ ਹੈ। ਸੰਤੁਸ਼ਟੀ ਪਾਨੇ ਕੇ ਲੀਏ ਯਹੀ ਹੈ ਕਿ ਜਬ ਹਮ ਇਸ ਤਰਹ ਕਰਮ ਕਰਤੇ ਹੈ-**'ਜੋ ਤੂ ਕਰਹਿ ਕਰਾਵਹਿ ਸੁਆਮੀ ਸਾ ਮਸਲਤਿ ਪਰਵਾਣੁ'** ਹੇ ਅਕਾਲ ਪੁਰਖ, ਹੇ ਮਾਲਕ ਜੋ ਤੂ ਕਰਤਾ ਹੈ, ਵੋ ਹੀ ਮੇਰੇ ਕੋ ਪ੍ਰਵਾਨ ਹੈ। ਜਬ ਹਮ ਇਸ ਰਾਸਤੇ ਪਰ ਚਲਤੇ ਹੈ, ਹਮੇਂ ਪਿਤਾ ਪਰਮਾਤਮਾ ਕਾ ਕੀਆ ਅੱਛਾ ਲਗਤਾ ਹੈ, ਤੋ ਫਿਰ ਹਰ ਜਗ੍ਹਾ ਖ਼ੁਸ਼ੀ ਰਹਿਤੀ ਹੈ, **'ਸਹਜ ਸੁਭਾਇ ਹੋਵੈ ਸੋ ਹੋਇ ਕਰਣੈਹਾਰ ਪਛਾਣੈ ਸੋਇ'** ਜਬ ਹਮ ਉਸ ਕਰਨੇਹਾਰ ਕੋ ਪਹਿਚਾਨਣੇ ਲਗਤੇ ਹੈ, ਉਸਕਾ ਕੀਆ ਮੀਠਾ ਕਰਕੇ ਮਾਨਨੇ ਲਗਤੇ ਹੈਂ ਯੇ ਮਾਨਣੇ ਸੇ ਪਹਿਲੇ 'ਮੈਂ' ਛੋਡਨੀ ਪੜਤੀ ਹੈ, ਤੋ ਐਸੀ ਅਵਸਥਾ ਕੇ ਲੀਏ ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਮੇਂ ਲਿਖਤੇ ਹੈ- **'ਕਰਿ ਕਿਰਪਾ ਜਿਸਕੈ ਹਿਰਦੈ ਗਰੀਬੀ ਬਸਾਵੈ, ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ'**

ਗਰੀਬੀ ਯੇ ਨਹੀਂ ਕਿ ਮੇਰੇ ਪਾਸ ਪੈਸਾ ਨਹੀਂ। ਗਰੀਬੀ ਯੇ ਹੈ ਕਿ ਮਨ ਮੇਂ ਗਰੀਬੀ ਹੈ, ਨਿਮਰਤਾ ਹੈ ਕਿ ਮੈਂ ਕੁਝ ਕਰ ਨਹੀਂ ਸਕਤਾ, ਕਰਨੇ ਵਾਲਾ ਜੋ ਹੈ, ਵੋ ਅਕਾਲਪੁਰਖ ਪਰਮਾਤਮਾ ਹੈ, ਹਮ ਰੋਜ ਯੇ ਅਰਦਾਸ ਕਰੇਂ ਕਿ ਹੇ ਪਰਮਾਤਮਾ ਤੁਮਨੇ ਮੁਝੇ ਮਨੁਸ਼ਯ ਜਨਮ ਦੀਆ ਹੈ, ਕਿਉਂਕਿ ਮਨੁਸ਼ਯ ਜਨਮ ਕੇ ਬਿਨਾ ਭਗਤੀ ਨਹੀਂ ਹੋ ਪਾਤੀ ਔਰ ਮਨੁਸ਼ਯ ਜਨਮ ਦੇ ਕਰ ਮੁਝੇ ਸਾਧੂ ਸੰਤੋਂ ਕੋ ਮਿਲਨੇ ਕਾ, ਸਾਧੂ ਸੰਤੋ ਕਾ ਸੰਗ ਕਰਨੇ ਕਾ, ਐਸੇ ਦਰਬਾਰੋਂ ਮੇਂ ਆਨੇ ਕਾ ਮੁਝੇ ਮੌਕਾ ਦੀਆ ਹੈ। ਪਿਛਲੇ ਜਨਮੋਂ ਕੇ ਕੋਈ ਅੱਛੇ ਕਰਮ ਹੈ ਕਿ ਯਹਾਂ ਹਮ ਸਾਧੂ ਸੰਤੋਂ ਕੇ ਪਾਸ ਆਤੇ ਹੈ, ਉਨਕੀ ਸੰਗਤ ਕਰਤੇ ਹੈ, ਕਿਉਂਕਿ ਸਾਧੂ ਸੰਤੋਂ ਕੋ ਮਿਲਨੇ ਸੇ ਕਯਾ ਹੋਤਾ ਹੈ- **'ਬਿਸਰਿ ਗਈ ਸਭ ਤਾਤਿ ਪਰਾਈ, ਜਬ ਤੇ ਸਾਧਸੰਗਤਿ ਮੋਹਿ ਪਾਈ'**

**'ਨਾ ਕੋ ਬੈਰੀ ਨਹੀ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ'** ਕਿਤਨੀ ਅੱਛੀ ਕਿਤਨੀ ਪਿਆਰੀ ਅਵਸਥਾ ਹੈ, ਜਬ ਹਮਕੋ ਸਭ ਅਪਨੇ ਲਗਤੇ ਹੈ, ਹਮਕੋ ਕੋਈ ਬੇਗਾਨਾ ਲਗਤਾ ਹੀ ਨਹੀਂ। ਕਿਉਂਕਿ **'ਜਬ ਧਾਰੈ ਕੋਊ ਬੈਰੀ ਮੀਤੁ, ਤਬ ਲਗੁ ਨਿਹਚਲੁ ਨਾਹੀ ਚੀਤੁ'** ਜਿਤਨੀ ਦੇਰ ਹਮਾਰੇ ਮਨ 'ਮੈਂ' ਹੈ, ਕਿ ਕੋਈ ਮੇਰਾ ਬੈਰੀ ਹੈ, ਕੋਈ ਮਿੱਤਰ ਹੈ, ਉਤਨੀ ਦੇਰ ਹਮਾਰੇ ਮਨ ਕੋ ਚੈਨ ਨਹੀਂ ਮਿਲਤਾ ਹਮਕੋ ਖ਼ੁਸ਼ੀ ਨਹੀਂ ਮਿਲਤੀ ਹਮਾਰੀ ਯਾਤਰਾ ਪੂਰੀ ਨਹੀਂ ਹੋਤੀ। ਯੇ ਯਾਤਰਾ 'ਮੈਂ' ਸੇ 'ਤੂੰ' ਤੱਕ ਹੈ, ਹਮ ਕਿਸਕੋ ਢੂੰਡ ਰਹੇ ਹੈ- ਹਮ 'ਮੈਂ' ਸੇ 'ਤੂੰ' ਕੋ ਢੂੰਢਤੇ ਹੈ। ਔਰ ਜਬ ਵਹਾਂ ਪਹੁੰਚ ਜਾਤੇ ਹੈਂ, ਤੋ ਐਸੀ ਅਵਸਥਾ ਹੋ ਜਾਤੀ ਹੈ- **'ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ'** ਜਬ ਹਉਮੈਂ ਕੀ, ਮੈਂ ਕੀ ਜੋ ਦੀਵਾਰ ਹੈ, ਜਬ ਵੋ ਦੀਵਾਰ ਖਤਮ ਹੋ ਜਾਤੀ ਹੈ ਤੋ ਫਿਰ ਪਰਮਾਤਮਾ ਕੇ ਬਿਨਾ ਕੁਛ ਦਿਖਾਈ ਹੀ ਨਹੀਂ ਦੇਤਾ, ਤੋ ਫਿਰ ਜੋ ਅਵਸਥਾ ਹੋ ਜਾਤੀ ਹੈ ਗੁਰਬਾਣੀ ਮੇਂ ਉਸੇ ਬ੍ਰਹਮ ਗਿਆਨੀ ਲਿਖਾ ਹੈ। ਔਰ ਬ੍ਰਹਮ ਗਿਆਨੀ ਕੇ ਬਾਰੇ ਮੇਂ ਲਿਖਾ ਹੈ- **'ਬ੍ਰਹਮ ਗਿਆਨੀ ਆਪਿ ਨਿਰੰਕਾਰੁ'** ਤੋ ਫਿਰ ਆਪ ਉਸੀ ਕਾ ਸਰੂਪ ਬਣ ਜਾਤੇ ਹੈ, ਫਿਰ 'ਤੂੰ', ਔਰ 'ਮੈਂ' ਮੇ ਕੋਈ ਅੰਤਰ ਨਹੀਂ ਰਹਿ ਜਾਤਾ। ਯੇ ਏਕ ਯਾਤਰਾ ਹੈ 'ਮੈਂ' ਸੇ 'ਤੂੰ' ਕੀ। ਆਪ ਤੋ ਗੁਣੀ-ਗਿਆਨੀ, ਸਾਧ-ਸੰਤ ਯਹਾਂ ਬੈਠੇ ਹੂਏ ਹੈਂ, ਮੈਨੇ ਕੁਛ ਸ਼ਬਦ ਕਹਿਨੇ ਕੀ ਕੋਸ਼ਿਸ਼ ਕੀ ਹੈ, ਔਰ ਆਪ ਸਭ ਕੇ ਦਰਸ਼ਨ ਕਰਕੇ ਬਹੁਤ ਖ਼ੁਸ਼ੀ ਹੁਈ ਹੈ। ਮੈਂ ਇਤਨੇ ਸ਼ਬਦੋਂ ਸੇ ਹੀ ਖਿਮਾ ਕਾ ਜਾਚਕ ਹੂੰ। ਸਤਿ ਸ੍ਰੀ ਅਕਾਲ।

**ਸਾਵਣ-ਖ਼ਿਕਰਪਾਲ ਰੂਹਾਨੀ ਮਿਸ਼ਨ ਦੇ ਸਤਿਸੰਗ ਸਮਾਗਮ ਸਮੇਂ,**
**ਨਵੀਂ ਦਿੱਲੀ- 14 ਸਤੰਬਰ 2015**

1920 में स्थापित सतिजुग

# रक्षक नामधारी समाज

✍ सुरजीत सिंह जोबन

महाराजा रणजीत सिंह के स्वतंत्र राज्य को धूर्ततापूर्वक हड़प लेने के बाद अंग्रेजी कंपनी सरकार का मुख्य उद्देश्य था पंजाब की संप्रदायिक सद्‌भाव प्रिय जनता को बीच में धार्मिक ईर्ष्या तथा अविश्वास की खाई को फिर पाटा न जा सके । महाराजा रणजीत सिंह के राज्य में गऊ वध पर पूरी तरह प्रतिबंध था । गऊवध पर कड़ा दण्डविधान था पर जैसे ही कंपनी सरकार के हाथ में पंजाब आया कंपनी ने सबसे पहला काम वैमनस्य के बीज बोने आरंभ कर दिये। सिख सेना को तोड़ दिया गया । बड़े बड़े सिख जमींदार, सरदार, कंपनी सरकार के पक्ष में खड़ा होने मे ही अपना हित साधन समझने लगे थे ।

कंपनी सरकार की ओर से श्री हरि मंदिर साहब अमृतसर की चारदीवारी के साथ बूचड़खाना खोल दिया जहाँ खुलकर गऊवध किया जाता था, सभी कसाई मुसलमान थे, घृणा की एक हवा आँधी का रुप धारण कर रही थी सरकार को इस बात की कोई चिंता नहीं थी, यही तो सरकार चाहती थी । चील, कौवे कसाईघर से हड्डियाँ उठा-उठा कर अमृतसर के पवित्र सरोवर में डाल देते थे । आम श्रृद्धालू जन को ये बात अपमानित किये जा रही थी । धनी सिख सरदार तो कंपनी सरकार के आँखें मीचें स्वामी भक्ति में मग्न थे । धार्मिक मर्यादाओं के इस चिंताजनक भयानक अतिक्रमण की किसी को भी चिंता नहीं थी । उन्हें तो केवल इस बात की चिंता थी कि कैसे उनकी संपति और स्वार्थ सुरक्षित रह सकें ।

इसी दौरान नामधारी लहर का पंजाब में विस्मयकारी प्रभाव पड़ा इस लहर के संस्थापक प्रवर्तक श्री सद्‌गुरु राम सिंह जी थे जिनके मार्गदर्शक में आम सिखों में चमत्कारिक परिवर्तन देखने को मिला । सद्‌गुरु राम सिंह जी ने आम सिखों का आचार व्यवहार इतना ऊँचा कर दिया कि किसी भी विपरीत परिस्थितियों में सदाचार का यह स्वरुप विचलित नहीं हुआ । उनके हृदय में विदेशी सरकार के प्रति किसी भी प्रकार का भय या लालच नहीं था बल्कि इन आम सिखों ने अपने सिद्धांतों और आदर्शों पर दृढ़ता दिखाई ।

कसाई घरों के खुलने के प्रतिरोध में गऊ रक्षा के लिए अमृतसर कसाई घर के कसाईयों की हत्या कर डाली और वध के लिए बंधी गाओं को स्वतंत्र कर दिया ।

इसी तरह का दूसरा प्रयास नामधारी सिखों ने लुधियाना के रायकोट में किया । वहाँ भी नामधारी सिखों ने कसाईयों की हत्या कर डाली और गायों को स्वतंत्र करवाया । नामधारी सिख अंत तक पकड़े नहीं जा सके । जब निर्दोष को सजा देकर कंपनी अंग्रेजी दण्ड विधान इतरा रहा था, स्वयं को महिमा मंडित कर रहा था । कहा यह जाता है कि सद्‌गुरु जी को जब यह पता चला कि निर्दोषों को सजा मिल रही है तो आपने उनसे कहा कि कसूर उन्होंनें किया है तो उनका यह भी फर्ज है कि वे समर्पण करके अपने कृत्य का इकबाल करें । (भाई परमांद कृत तवारीख पंजाब पृ.-५६१)

घटना का पता चलने पर सद्‌गुरु जी ने उन सिखों को बुलाकर कहा- गुनाह तुमने किया है तो पेश होकर निडरतापूर्वक अपना दोष भी स्वीकार करो ।

(प्रो. तेजा सिंह कृत गुरुद्वारा सुधार आंदोलन पृ.- ३८)

असल में देखा जाए तो नामधारी सिखों के मन में गाय के प्रति श्रृद्धा थी । कसाईयों की हत्या करना नामधारी सिखों की गऊ भक्ति का परिचायक थी । सद्‌गुरु राम सिंह जी के मार्गदर्शम में सभी नामधारी सिख पुरातन हिंदू मर्यादा और सिद्धांतों के प्रति कटिबद्द थे । और किसी भी भाँति वे अपने धार्मिक हस्तक्षेप को सहन नहीं कर सकते थे ।

भारतीय इतिहास पर दृष्टि डाली जाए तो पूरे भारतीय इतिहास में गाय रक्षा और कसाईयों की हत्या के कारण इतने लोगों को फाँसी पर जाने का कहीं वर्णन नहीं आता और शायद यही कारण था कि सद्‌गुरु राम सिंह और उनके नामधारी सिखों से सबसे अधिक अंग्रेजी साम्राज्य चिन्तित व भयातुर था। और पूरे 90 वर्ष के स्वतंत्रता के नामधारी संघर्ष में कोई भी नामधारी सिख कभी भी कहीं भी अंग्रेजी शासन का वफादार नहीं हो पाया । ■

**बाजार का भोजन न शुद्ध होता है न मर्यादा में आता है फिर क्यों खाया जाए ?**

# ਸ੍ਰੀ ਰਾਮ ਚਰਿਤ ਮਾਨਸ (ਰਾਮਾਇਣ)

(ਪਿਛੋਂ ਤੋਂ ਅਗੇ)

ਪੰਜਾਬੀ ਅਨੁਵਾਦਕ
✍ ਮਾਸਟਰ ਅਮਰੀਕ ਸਿੰਘ

## ਆਸ਼ਰਮ ਵਿਚ ਸ੍ਰੀ ਰਾਮ ਦੀ ਕਥਾ ਸੁਨਾਈ ਕਲਯ ਯਾਦਵ ਨੇ

ਰੂਪ ਬਾਂਦਰਾਂ ਵਰਗਾ ਸਾਰੇ ਦੇਵਤਿਆਂ ਨੇ ਕੀਤਾ,
ਆਪ ਨਰਾਇਣ ਦਸਰਥ ਰਾਜੇ ਦੇ ਘਰ ਦਾ ਰਾਹ ਕੀਤਾ।
ਜੋਧਾ ਕੋਈ ਵੀ ਲੱਭਿਆ ਨਾਹੀਂ ਉਸ ਨੂੰ ਆਪਣੇ ਜੇਹਾ,
ਵੇਖ ਲਿਆ ਸਾਰੇ ਥਾਂ ਫਿਰਕੇ ਹੋਇਆ ਉਪੱਦਰ ਕੇਹਾ।


ਧਰਤੀ ਦੇ ਸਾਰੇ ਲੋਕੀਂ ਹੀ ਬਣੇ ਅਧੀਨ ਵਿਚਾਰੇ,
ਪਾਪ ਪਸਰਿਆ ਧਰਤੀ ਉੱਤੇ ਕਿੱਥੋਂ ਮਿਲਨ ਸਹਾਰੇ।
ਗਊ ਦਾ ਰੂਪ ਧਾਰਕੇ ਧਰਤੀ, ਅਪੜੀ ਐਸੇ ਥਾਵੇਂ,
ਸਾਰੇ ਮੁਨੀ ਦੇਵਤੇ ਜਿੱਥੇ ਰਹਿਣ ਸੁਖਾਂ ਦੀ ਛਾਵੇਂ।

ਦੁਖੀ ਹੋਈ ਨੇ ਦੇਵਤਿਆਂ ਨੂੰ ਆਪਣਾਂ ਹਾਲ ਸੁਣਾਇਆ,
ਕਿਸੇ ਤੋਂ ਆਸ ਨ ਪੂਰੀ ਹੋਈ ਬਹੁਤਾ ਮਨ ਘਬਰਾਇਆ।
ਸਭੀ ਦੇਵਤੇ ਰਲ ਕੇ ਆਖਰ ਪਾਸ ਬ੍ਰਹਮਾਂ ਆਏ,
ਬ੍ਰਹਮਾ ਜੀ ਨੇ ਜਾਣ ਲਿਆ ਕਿਉਂ ਦੇਵਤੇ ਨੇ ਘਬਰਾਏ।

ਬ੍ਰਹਮਾ ਬੋਲੇ ਸੁਣੋ ਧਰਤੀਏ, ਮੈਥੋਂ ਕੁਝ ਨਹੀਂ ਹੋਣਾ,
ਚਿੰਤਾ ਨ ਕਰ ਜਿਦੀ ਹੈਂ ਦਾਸੀ ਉਸ ਨੇ ਪਾਰ ਲਗੌਣਾ।
ਹਰੀ ਚਰਨਾਂ ਦਾ ਬ੍ਰਹਮਾਂ ਜੀ ਫਿਰ ਕਰਕੇ ਧਿਆਨ ਇਹ ਬੋਲੇ,
ਆਪਣੇ ਭਗਤਾਂ ਦੀ ਪੀੜਾ ਨੂੰ ਜਾਣ ਨ ਕਿਓਂ ਮਨ ਡੋਲੇ।

(ਚਲਦਾ)

# ਸ੍ਰੀ ਸਤਿਗੁਰੂ ਜੀ ਵਲੋਂ ਸੂਬਾ ਥਾਪਣ ਦੀ ਬਖਸ਼ਿਸ਼



ਜਥੇਦਾਰ ਨਿਰੰਜਨ ਸਿੰਘ ਟਮਕੌਡੀ ਦਾ ਜਨਮ ਅਪ੍ਰੈਲ 1946 ਨੂੰ ਸੰਤ ਸ਼ਾਮ ਸਿੰਘ ਦੇ ਘਰ ਪਿੰਡ ਕੰਗ (ਜ਼ਿਲਾ ਸਿਆਲਕੋਟ) ਵਿਖੇ ਹੋਇਆ। ਆਪ ਜੀ ਦੇ ਪੜਦਾਦਾ ਸ. ਹਰੀ ਸਿੰਘ, ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਨਾਮਧਾਰੀ ਸਿਖ ਸਜੇ ਸਨ। ਜਥੇਦਾਰ ਜੀ ਦਾ ਪ੍ਰਵਾਰ ਪਾਕਿਸਤਾਨ ਬਣਨ ਤੋਂ ਬਾਅਦ ਪਿੰਡ ਟਮਕੌਡੀ (ਜ਼ਿਲਾ ਲੁਧਿਆਣਾ) ਆ ਵੱਸਿਆ। ਜਥੇਦਾਰ ਜੀ ਨੂੰ ਪ੍ਰਚਾਰ ਦੀ ਲਗਨ ਜਥੇਦਾਰ ਵੀਰ ਸਿੰਘ ਤਰਿਗੜੀ ਤੋਂ ਲੱਗੀ ਇਹ ਆਪ ਜੀ ਦੇ ਨਾਨਾ ਜੀ ਸਨ। ਜਥੇਦਾਰ ਜੀ ਮੈਟ੍ਰਿਕ ਉਪਰੰਤ ਜੇ. ਬੀ. ਟੀ. ਕਰਕੇ ਅਧਿਆਪਕ ਤੋਂ ਮੁੱਖ ਅਧਿਆਪਕ ਬਣੇ। ਆਪ ਜੀ ਟੀਚਰ ਯੂਨੀਅਨ ਦੇ ਸਰਬ ਸੰਮਤੀ ਨਾਲ ਪ੍ਰਧਾਨ ਵੀ ਰਹੇ। ਆਪ ਜੀ ਨੇ 37 ਸਾਲ ਅਧਿਆਪਕ ਵਜੋਂ ਸੇਵਾ ਕੀਤੀ। ਇਕ ਆਦਰਸ਼ ਅਧਿਆਪਕ ਹੋਣ ਕਰਕੇ ਆਪ ਜੀ ਨੂੰ ਸਮਾਜਕ ਲੋਕਾਂ ਨੇ ਸਨਮਾਨਿਤ ਵੀ ਕੀਤਾ। ਆਪ ਜੀ ਨੇ 1963 ਤੋਂ ਪੰਥ ਪ੍ਰਚਾਰ ਲਈ ਦਿਵਾਨ ਲਾਉਣੇ ਸ਼ੁਰੂ ਕੀਤੇ। ਇਹਨਾਂ ਹੁਣ ਤੀਕ 12,456 ਸਰੀਰਾਂ ਨੂੰ ਮਾਸ਼ ਸ਼ਰਾਬ ਛੁਡਵਾ ਕੇ ਸ੍ਰੀ ਸਤਿਗੁਰੂ ਜੀ ਦੇ ਚਰਨੀਂ ਲਾ ਕੇ ਸਾਤਵਿਕ ਜੀਵਨ ਵਾਲੇ ਬਣਾਇਆ। ਉਹਨਾਂ ਵਿਚੋਂ ਬੇਅੰਤ ਸਹਿਜਧਾਰੀ ਅਤੇ ਸੈਂਕੜੇ ਨਾਮ ਬਾਣੀ ਦੇ ਨਿਤਨੇਮੀ ਅਤੇ ਗੁਰਮੁਖੀ ਬਾਣੇ ਦੇ ਧਾਰਨੀ ਹੋ ਕੇ ਪੱਕੇ ਨਾਮਧਾਰੀ ਸਿੱਖ ਹਨ। ਜਥੇਦਾਰ ਜੀ ਨਾਮਧਾਰੀ ਇਤਿਹਾਸ ਨਾਲ ਸੰਬੰਧਤ ਪੁਸਤਕਾਂ, ਗੁਟਕੇ, ਕੰਘੇ, ਕਛਹਿਰੇ ਤੇ ਸੂਟ ਇਹਨਾਂ ਸਿੱਖਾਂ ਵਿਚ ਵੰਡਦੇ ਹਨ। ਇਹਨਾਂ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਲੈ ਕੇ ਆਉਂਦੇ ਹਨ। ਭਜਨ ਦੱਸਦੇ ਹਨ।

ਆਪ ਜੀ 1963 ਤੋਂ ਹੀ 'ਸਤਿਜੁਗ' ਪਰਚੇ ਦੀ ਸੇਵਾ ਆਰੰਭ ਕੀਤੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 2001 ਵਿਚ ਪੰਥ ਪ੍ਰਚਾਰ ਦੇ ਨਾਲ 'ਸਤਿਜੁਗ' ਦੀ ਸੇਵਾ ਦਾ ਵਿਸ਼ੇਸ਼ ਹੁਕਮ ਕੀਤਾ। ਉਸ ਸਮੇਂ ਤੋਂ ਜਥੇਦਾਰ ਜੀ ਨੇ ਜ਼ਿਲਾ ਲੁਧਿਆਣਾ, ਫਤਿਹਗੜ੍ਹ ਸਾਹਿਬ ਜਿਥੇ ਵੀ ਆਪ ਜਾਂਦੇ ਹਨ ਚੰਦੇ ਇਕੱਤਰ ਕਰਦੇ ਹਨ। ਸਤਿਜੁਗ ਦੀ ਮਹੱਤਤਾ ਦੱਸ ਨਵੇਂ ਗ੍ਰਾਹਕ ਬਣਾਉਂਦੇ ਹਨ।

ਜਥੇਦਾਰ ਨਿਰੰਜਨ ਸਿੰਘ ਇਲਾਕੇ ਵਿਚ, ਪਿੰਡ ਵਿਚ ਵੀ ਅਨੇਕਾਂ ਭਲਾਈ ਦੇ ਕੰਮ ਕਰਦੇ ਰਹਿੰਦੇ ਹਨ। ਇਹ ਟਮਕੌਡੀ ਪਿੰਡ ਇਕ ਆਦਰਸ਼ਕ ਪਿੰਡ ਹੈ। ਜਿਥੇ 60 ਸਾਲ ਤੋਂ ਸਰਬ ਸੰਮਤੀ ਨਾਲ ਪੰਚਾਇਤ ਬਣਦੀ ਹੈ।

ਜਥੇਦਾਰ ਨਿਰੰਜਨ ਸਿੰਘ ਟਮਕੌਡੀ ਦੀ ਪੰਥ ਪ੍ਰਚਾਰ ਦੀ ਲਗਨ ਨੂੰ ਮੁੱਖ ਰਖਕੇ ਸਤਿਗੁਰੂ ਰਾਮ ਸਿੰਘ ਚਿੰਤਨ ਅਦਾਰਾ ਨੇ ਆਪ ਜੀ ਨੂੰ ਨਾਮਧਾਰੀ ਪੰਥ ਦੇ ਪਹਿਲੇ ਪੂਰ ਦੇ ਧੜਲੇਦਾਰ ਪ੍ਰਚਾਰਕ ਸੰਤ ਭਗਤ ਸਿੰਘ ਦਾਤੇਵਾਲ ਯਾਦਗਾਰੀ ਪੁਰਸਕਾਰ ਨਾਲ 20 ਮਾਰਚ 2003 ਨੂੰ ਹੋਲੇ ਸਮੇਂ ਸਨਮਾਨਿਤ ਕੀਤਾ।

'ਸਤਿਜੁਗ' ਦੀ ਲਗਨ, ਮਿਹਨਤ, ਅਣਥਕ ਤੇ ਨਿਸ਼ਕਾਮ ਸੇਵਾ ਸਦਕਾ 2011 ਦੇ ਜਪ ਪ੍ਰਯੋਗ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਖਸ਼ਿਸ਼ ਕੀਤੀ ਸਨਮਾਨਿਤ ਕੀਤਾ।

ਬਹੁਤ ਲੰਮੇ ਸਮੇਂ ਤੋਂ ਅਣਥਕ ਸੇਵਾ ਨੂੰ ਮੁੱਖ ਰਖਦੇ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ 16 ਅਕਤੂਬਰ 2015 ਦੇ ਜਪ ਪ੍ਰਯੋਗ ਦੇ ਮੇਲੇ ਤੇ ਦੁਪਹਿਰ ਦੇ ਦਿਵਾਨ ਸਮੇਂ ਜਥੇਦਾਰ ਜੀ ਨੂੰ 'ਸੂਬਾ' ਥਾਪਣ ਦੀ ਬਖਸ਼ਿਸ਼ ਕੀਤੀ।

PARVACHAN

SRI SATGURU JAGJIT SINGH JI

# WHAT IS OUR REAL PURPOSE OF LIFE ?



***Everyone of us, including Singh Sabhia, Akali, Namdhari, Hindu, Muslim can get together in a railway train, in drinking bars, in gambling houses, in shopping malls. But when it comes to getting together and doing Naam Simran, or for a noble purpose, we divide ourselves using false excuses and argue with each other. So we should make every effort to achieve our real purpose in life. Guru Arjan Dev has described it as the most important purpose :***

*Bhai Prapat Maanukh Dehuria, Gobind Milan Ki Eh Teri Baria*

*Avar Kaj Tere Kite Na Kaam Mil Sadh Sangat Bhaj Kewal Naam*

*Translated by JSH*


ੴ

SHAHEED BISHAN SINGH MEMORIAL. SR. SEC. SCHOOL

Cordially invites you to the

**17th Satguru Ram Singh Inter School Kirtan Competition**

ON

18th November 2015 (Wednesday) 09:00Am.

Venue:

Shaheed Bishan Singh Memorial Senior Secondary School F-213 A ,Mansarover Garden , New Delhi

Management, Staff and Students.

Contact No.- 011-41421862, 011-41328974


## MATRIMONIALS

**Alliance invited for Namdhari girl, Age 26, height 5 feet 2 inches, Graduate, Diploma in Financial Services (Banking Insurance), working in ICICI Bank.**

**Contact: 09872497716 Post Box: 986**

❖❖❖

**Alliance invited for Namdhari girl, 1989, 5 feet 3 inches, M.com, B.Ed.**

**Contact: 08527512731, 09711660839 Post Box: 987**

❖❖❖

**Wanted Suitable match for Namdhari boy age 30, 5 feet 6 inches, B Tech (NIT), working in MNC. Preffered B.Tech, M.B.A., MBBS.**

**Contact: 09855738738 Post Box: 988**


**SATJUG**

**Namdhari Gurdwara Ramesh Nagar, New Delhi-15**

**e-mail : satjugweekly@gmail.com**

**satjugweekly@hotmail.com**




SATJUG

ESTABLISHED IN 1920


DISCOURSE

SATGURU PARTAP SINGH JI

# BABA BUDHA SINGH JI



Budha Singh immediately left for Sri Bhaini Sahib. When he reached there, Satguru Ram Singh Ji was found standing on the doorsill of the main entrance. Seeing Budha Singh Satguru Ji said, "Budha Singh you are pardoned." Budha Singh immediately clinched the feet of Satguru Ji and Paid his respects.

Satguru Ji although was omniscience still said to Budha Singh, "He says you are pardoned, now tell something about me also."

Budha Singh said, "Now you will no more enjoy sweet beverages, you will be exiled to other countries."

An ordinary person would never dare to utter such words even for a common man. However Budha Singh then was in a state of trance, so he could utter such words for Satguru Ji.

Budha Singh had now become a perfact Saint. One day after the deportation of Satguru Ji, Budha Singh reaped his corn and tied its bundles for transportation. Some other farmers started lifting these bundles. Budha Singh objected to it. They in return gave him severe beating and injured him. Budha Singh came back to his house and lay on his cot. The Tehsildar came on a visit to the village. One of the villagers reported him the entire incident of Budha Singh. He also commended the nobility of Budha Singh. The Tehsildar called Budha Singh from his House. He came with bandages all over his body.

The Tehsidar said, "Baba Ji what is the matter? Who were the people , that beat you." **-Transliteration by Sant Singh**

# MIRACLES ARE OCCURRING WE JUST NEED TO OPEN OUR EYES!

Miracles; what I am referring to is that every day in the city of Toronto for the last few weeks more than 60 sangat members converge in the Toronto Namdhari Gurdwara to perform Nam Simran; men, women and children all before they go to work or school.

The experience is absolutely captivating, sangat members arrive in their white namdhari dress and as you walk into the gurdwara there is absolute silence, you can even hear a pin drop, a small light at the end of the hall is the only thing visible, then you bow in front of God and take your place, the clock hits 4:30 am and everyone rises in attendance to partake in the Ardas which is conducted on this occasion by Hardayal Singh s/o secretary S. Harpal Singh.

Then for an hour you hear and see the pious darshan of Sri Satguru Jagjit Singh Ji; the words resonating in your ears, everyone is still and all you see are the movements of lips and fingers as they perform Naam Simran.

Then just before the hour is up a Hukhnama passage, voicing aloud the key commandments of Sri Satguru Ram Singh Ji is read on this occasion by Harnam Singh s/o S. Harbans Singh.

And finally as the clock hits 5:30 am, the sanagt rises and conduct the closing Ardas. Before they leave in an orderly and quiet fashion and as they do parshad is given out.

Now if this is not a miracle and the kirpa of Sri Satguru Uday singh Ji, ask yourself what is a miracle in this day and age!

**Balbir Singh Bobby**

ਦੂਸਰੀ ਪ੍ਰਕਾਸ਼ ਸ਼ਤਾਬਦੀ ਉਤੇ ਬੱਚਿਆਂ ਲਈ ਸਾਖੀਆਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ

# ਰੱਬੀ ਨੂਰ ਪ੍ਰਗਟਿਆ

ਰਾਏ ਗੋਤ ਦੇ ਜ਼ਿਮੀਦਾਰਾਂ ਦਾ ਇੱਕ ਪਿੰਡ ਹੈ ਰਾਈਆਂ। ਇਹ ਜ਼ਿਲ੍ਹਾ ਲੁਧਿਆਣਾ ਵਿੱਚ ਚੰਡੀਗੜ੍ਹ ਵਾਲੀ ਸੜਕ ਉੱਤੇ ਲੁਧਿਆਣਾ ਤੋਂ ਵੀਹ ਕੁ ਕਿਲੋ ਮੀਟਰ ਦੂਰ ਹੈ। 200 ਸਾਲ ਤੋਂ ਵੱਧ ਪੁਰਾਣੀ ਗੱਲ ਹੈ। ਇਸ ਪਿੰਡ ਦੇ ਜ਼ਿਮੀਦਾਰਾਂ ਨੂੰ ਲੋਹੇ-ਲੱਕੜ ਦਾ ਕੰਮ ਕਰਨ ਲਈ ਕਿਸੇ ਸਿਆਣੇ ਮਿਸਤਰੀ ਦੀ ਲੋੜ ਪਈ। ਉਹਨਾਂ ਨੂੰ ਮਠਾੜੂ ਗੋਤ ਦੇ ਸੁੱਚਜੇ ਘਰਾਣੇ ਦੀ ਦੱਸ ਪਈ। ਉਹ ਏਸੇ ਜ਼ਿਲ੍ਹੇ ਦੇ ਪਿੰਡ ਲਲਤੋਂ ਵਿੱਚ ਕੰਮ ਕਰਦੇ ਸਨ।

ਪਿੰਡ ਦੇ ਕੁਝ ਪਤਵੰਤੇ ਸੱਜਣ ਲਲਤੋਂ ਗਏ। ਉਹ ਬੜੇ ਆਦਰ ਮਾਣ ਨਾਲ ਬਾਬਾ ਲੱਖਾ ਸਿੰਘ ਦੇ ਦੋ ਲੜਕਿਆ ਨੂੰ ਏਥੇ ਰਾਈਆ ਲੈ ਆਏ। ਏਥੇ ਹੀ ਦੋਹਾਂ ਭਰਾਵਾਂ ਬਾਬਾ ਨੱਥਾ ਸਿੰਘ ਤੇ ਜੱਸਾ ਸਿੰਘ ਨੂੰ ਰਹਿਣ ਤੇ ਕੰਮ ਕਾਰ ਲਈ ਖੁਲ੍ਹੀ ਥਾਂ ਦਿੱਤੀ ਗਈ। ਉਹਨਾਂ ਸੇਪੀ ਕਰ ਲਈ। ਹੱਥਾਂ ਦੇ ਸੁੱਚਜੇ, ਮਿਠ ਬੋਲੜੇ ਸੁਭਾਅ ਤੇ ਸਾਧੂ ਬਿਰਤੀ ਦੇ ਹੋਣ ਕਰਕੇ, ਨੇੜੇ ਦੇ ਪਿੰਡਾਂ ਵਿੱਚ ਵੀ ਉਹਨਾਂ ਦਾ ਆਦਰ ਮਾਣ ਸੀ।

ਬਾਬਾ ਜੱਸਾ ਸਿੰਘ ਨੇ ਕੁੱਝ ਪੈਲੀਆਂ ਹਿੱਸੇ ਠੇਕੇ ਤੇ ਲੈ ਲਈਆਂ। ਉਹ ਨਾਲ ਨਾਲ ਵਾਹੀ ਵੀ ਕਰਨ ਲੱਗਾ। ਕੰਮ ਕਰਦੇ ਨੂੰ ਜੇ ਕੋਈ ਕਹਿੰਦਾ, "ਮੈਨੂੰ ਕਾਹਲੀ ਹੈ, ਕਿਰਪਾ ਕਰਕੇ ਮੇਰਾ ਕੰਮ ਪਹਿਲਾਂ ਕਰ ਦਿਓ।", ਤਾਂ ਉਹ ਹਥਲਾ ਕੰਮ ਛਡ ਕੇ ਉਸ ਦਾ ਕੰਮ ਕਰਦਾ। ਉਹ ਬੜਾ ਖ਼ੁਸ਼ ਹੁੰਦਾ ਤੇ ਹੱਥ ਜੋੜ ਦਾ ਕੰਮ ਕਰਵਾ ਕੇ ਚਲਾ ਜਾਂਦਾ। ਬਾਬਾ ਜੱਸਾ ਸਿੰਘ ਦੀ ਘਰ ਵਾਲੀ ਬੀਬੀ ਸਦਾ ਕੌਰ ਉਹਨਾਂ ਆਪਣੇ ਖੇਤਾਂ ਵਿੱਚ ਪੈਲੀ ਬੀਜ ਕੇ ਗੇੜੇ ਮਾਰਨ ਲਈ ਕਹਿੰਦੀ ਸੀ। ਤਾਂਕਿ ਕੋਈ ਉਹਨਾਂ ਦੀ ਫਸਲ ਨਾ ਉਜਾੜੇ। ਉਹ ਇਸ ਵਲ ਬਹੁਤਾ ਧਿਆਨ ਨਾ ਦੇਂਦਾ। ਇੱਕ ਦਿਨ ਮੂੰਹ ਹਨੇਰੇ ਉਹ ਖੇਸ ਦੀ ਬੁੱਕਲ ਮਾਰ ਕੇ ਆਪਣੀ ਪੈਲੀ ਵਿੱਚ ਗਿਆ ਸੀ। ਉਸ ਨੇ ਵੇਖਿਆ ਕਿ ਕਿਸੇ ਨੇ ਉਸ ਦੇ ਪੱਠੇ ਵਢ ਲਏ ਹਨ। ਉਹਨਾਂ ਪੱਠਿਆਂ ਦੀ ਉਹ ਭਰੀ ਬੰਨ੍ਹੀ ਬੈਠਾ ਹੈ। ਭਰੀ ਭਾਰੀ ਹੈ ਇਸ ਕਰਕੇ ਇਕਲੇਂ ਕੋਲੋਂ ਚੁੱਕੀ ਨਹੀਂ ਜਾਂਦੀ। ਮੂੰਹ ਸਿਰ ਕੱਜਿਆ ਹੋਣ ਕਰਕੇ ਉਸ ਨੇ ਬਾਬਾ ਜੱਸਾ ਸਿੰਘ ਨੂੰ ਰਾਹੀ-ਪਾਂਧੀ ਸਮਝਿਆ। ਉਸਨੇ ਪਛਾਣਿਆਂ ਨਾ ਤੇ ਪੱਠੇ ਚੁਕਾਉਣ ਲਈ ਅਵਾਜ਼ ਮਾਰੀ। ਬਾਬਾ ਜੀ ਆਏ। ਕੋਈ ਗੁੱਸਾ ਨਾ ਕੀਤਾ, ਕੋਈ ਉਲਾਂਭਾ ਨਾ ਦਿੱਤਾ ਤੇ ਪੱਠੇ ਚੁਕਾ ਦਿੱਤੇ।

ਉਸ ਨੇ ਘਰ ਜਾ ਕੇ ਟੋਕੇ ਨਾਲ ਉਹ ਪੱਠੇ ਕੁਤਰੇ ਤੇ ਡੰਗਰਾਂ ਨੂੰ ਪਾ ਦਿੱਤੇ। ਰੱਬ ਦੀ ਕਰਨੀ ਜਿਸ ਡੰਗਰ ਨੂੰ ਉਹ ਪੱਠੇ ਪਾਏ ਉਹ ਡਿੱਗ ਪਿਆ ਤੇ ਮਰ ਗਿਆ। ਉਸ 'ਪੱਠੇ ਚੋਰ' ਨੇ ਕਿਸੇ ਨਾਲ ਗੱਲ ਕੀਤੀ, 'ਅੱਜ ਪੱਠੇ ਖਾ ਕੇ ਮੇਰੇ ਡੰਗਰ ਮਰ ਗਏ ਹਨ'। ਤੂੰ ਤਾਂ ਪੱਠੇ ਬੀਜੇ ਨਹੀਂ, ਕਿਸੇ ਦੇ ਚੋਰੀ ਕੀਤੇ ਸਨ," ਦੂਜੇ ਨੇ ਪੁਛਿਆ

"ਜਸੇ ਕਾਰੀਗਰ ਦੇ," ਉਸ ਨੇ ਕਿਹਾ।

"ਤੂੰ ਇਹ ਬਹੁਤ ਵੱਡੀ ਗ਼ਲਤੀ ਕੀਤੀ ਹੈ। ਉਹ ਰਾਮ ਨਾਮ ਜਪਣ ਵਾਲਾ ਸਾਧੂ ਸੁਭਾਅ ਬੰਦਾ ਹੈ। ਉਸ ਦੀ ਚੋਰੀ ਕਰਿਆਂ ਨੁਕਸਾਨ ਹੋਣਾ ਸੀ।" ਦੂਜੇ ਨੇ ਕਿਹਾ।

ਪਹਿਲੇ ਨੇ ਅਗੋਂ ਲਈ ਐਸਾ ਕੰਮ ਕਰਨ ਤੋਂ ਕੰਨਾਂ ਨੂੰ ਹੱਥ ਲਾਏ।

ਪਿੰਡ ਵਿੱਚ ਇੱਕ ਹੋਰ ਗੱਲ ਵੀ ਆਮ ਸੀ। ਉਹ ਸੀ ਕਿ ਕਿਸੇ ਨੇ ਬਾਬੇ ਦੇ ਖੇਤ ਵਿੱਚ ਪਏ ਬੋਹਲ ਤੋਂ ਦਾਣੇ ਚੋਰੀ ਕੀਤੇ। ਘਰ ਦੇ ਜਿਸ ਜੀਅ ਨੇ ਉਹਨਾਂ ਦਾਣਿਆਂ ਦੇ ਆਟੇ ਦੀ ਰੋਟੀ ਖਾਧੀ ਉਹ ਬਿਮਾਰ ਹੋ ਗਿਆ।

ਇਸ ਦਾ ਅਸਰ ਇਹ ਹੋਇਆ ਕਿ ਬਾਬਾ ਜੀ ਦੀ ਚੀਜ਼ ਕੋਈ ਨਾ ਚੁਕੱਦਾ ਚੁਰਾਉਂਦਾ। ਵਾਗੀ ਪਸ਼ੂ ਚਗਾਉਣ ਜਾਂਦੇ ਹੀ ਸਨ। ਉਹਨਾਂ ਨੂੰ ਪਕਾ ਕੀਤਾ ਜਾਂਦਾ ਸੀ ਕਿ ਬਾਬੇ ਦੀ ਪੈਲੀ ਵਿੱਚ ਪਸ਼ੂ ਬੁਰਕ ਨਾ ਮਾਰਨ। ਉਹਨਾਂ ਨੂੰ ਮੋੜ ਲੈਣਾ।

ਬਾਬਾ ਜੀ ਦੇ ਘਰੋਂ ਬੀਬੀ ਸਦਾ ਕੌਰ ਨੂੰ ਤੀਸਰਾ ਬੱਚੀ-ਬੱਚਾ ਹੋਣ ਵਾਲਾ ਸੀ। ਜਦ ਉਹ ਸਮਾ ਆਉਣ ਵਾਲਾ ਸੀ ਤਾਂ ਪਿੰਡ ਦੀ ਦਾਈ ਰਹਿਮਤੋ ਕਸ਼ਮੀਰਨ ਨੂੰ ਸੱਦਿਆ ਗਿਆ। ਉਸ ਨੇ ਦੇਖਿਆ ਇਕ ਲੋਥੜਾ ਜਿਹਾ ਜੰਮਿਆ ਹੈ। ਜਿਸ ਦਾ ਨਾ ਮੂੰਹ ਨਾ ਮੱਥਾ, ਨਾ ਸਿਰ ਨਾ ਪੈਰ। ਇਹ ਵੇਖ ਕੇ ਸਾਰੇ ਉਦਾਸ ਹੋ ਗਏ। ਰਹਿਮਤੇ ਜਿਹੜੀ ਲੜਕਾ ਜੰਮਣ ਦੀ ਖ਼ੁਸ਼ੀ ਵਿੱਚ ਤਲੀ ਗਰਮ ਹੋਣ ਦੀ ਆਸ ਰੱਖਦੀ ਸੀ ਮੂੰਹ ਸਿਰ ਵਲੇਟ ਨੇ ਚਲੀ ਗਈ। ਕੋਈ ਪੁਛੇ ਤਾਂ ਕਿਸੇ ਨੂੰ ਕਿ ਦੱਸੇ।

ਬਾਬਾ ਜੀ ਨੇ ਉਹ ਲੋਥੜਾ ਜਾਂ ਕਾਹਿ ਲਈਏ ਮਸ਼ਕ ਜਿਹੀ ਬਿਲੇ ਲਾਈ। ਦੋਹਾ ਜੀਆਂ ਨੇ ਠੰਢਾ ਸਾਹ ਭਰਦਿਆ ਕਿਹਾ, "ਅਛਾ ਰਾਮ ਜੀ ਜਿਵੇਂ ਤੇਰੀ ਇੱਛਾ।"

ਬੀਬੀ ਜੀ ਲੇਟ ਗਏ। ਉਹਨਾਂ ਨੂੰ ਵੇਖ ਕੇ ਹੈਰਾਨੀ ਹੋਈ ਕਿ ਉਹਨਾਂ ਦੀ ਵੱਖੀ ਨਾਲ ਇੱਕ ਬਾਲਕ ਪਿਆ ਹੈ। ਉਹ ਹੱਥ ਪੈਰ ਮਾਰ ਰਿਹਾ ਹੈ। ਬਾਬਾ ਜੀ ਨੇ ਵੀ ਵੇਖਿਆ ਤਾਂ ਬਾਗ਼ੋ-ਬਾਗ਼ ਹੋ ਗਏ। ਉਹਨਾਂ ਨੇ ਰੱਬ ਦਾ ਲੱਖ-ਲੱਖ ਸ਼ੁਕਰ ਕੀਤਾ।

ਉਹ ਦਿਨ ਬਸੰਤ ਪੰਚਮੀ ਸੰਮਤ 1872 ਦਾ ਸੀ 3 ਫਰਵਰੀ 1816 ਈ. । ਪਿੰਡ ਵਿੱਚ ਇਹ ਖ਼ਬਰ ਫ਼ੈਲ ਗਈ ਰਹਿਮਤੋਂ ਕਸ਼ਮੀਰੋ ਨੂੰ ਵੀ ਪਤਾ ਲਗਾ। ਉਸ ਚਾਅ ਨਾਲ ਦੌੜੀ ਦੌੜੀ ਆਈ। ਸਭ ਨੂੰ ਪ੍ਰਸੰਨ ਵੇਖ ਕੇ ਉਸ ਦੀ ਖ਼ੁਸ਼ੀ ਦਾ ਟਿਕਾਣਾ ਨਹੀਂ ਸੀ। ਬਾਬਾ ਜੀ ਨੇ ਵਧਾਈ ਦੇਂਦਿਆਂ ਉਸ ਦੀ ਝੋਲੀ ਭਰੀ। ਉਹ ਇਹ ਕਹਿੰਦੀ ਤੁਰੀ ਜਾਵੇ। ਇਹ ਕੋਈ ਸਧਾਰਨ ਬਾਲਕ ਨਹੀਂ। ਇਹ ਰਬੀ ਨੂਰ ਹੈ। ਇਹ ਅਲਾ ਤਾਲਾ ਆਪ ਆਇਆ ਹੈ। ਇਹ ਬਾਬਾ ਜੀ ਦੀ ਇਬਾਦਤ ਦਾ ਨਜ਼ਰਾਨਾ ਹੀ ਇਹ ਪਿੰਡ ਦੀ ਖ਼ੁਸ਼ਕਿਸਮਤੀ ਹੈ ਕਿ ਖ਼ੁਦਾ ਨੇ ਰਹਿਮਤ ਕੀਤੀ ਹੈ। ਸ਼ੁਕਰ ਹੈ! "ਸ਼ੁਕਰ ਹੈ!! ਸ਼ੁਕਰ ਹੈ!!"

ਬਾਬਾ ਜੱਸਾ ਸਿੰਘ ਨੇ ਬਾਲਕ ਦਾ ਨਾਂ ਰਾਮ ਧਨ ਰੱਖਿਆ।

# ਜਪ ਪ੍ਰਯੋਗ ਦੀ ਸਮਾਪਤੀ ਅਤੇ ਹਫਤਾਵਾਰੀ ਸਮਾਗਮ



**ਹਫਤਾਵਾਰੀ ਸਮਾਗਮ ਸਮੇਂ ਜਥੇਦਾਰ ਅਮਰੀਕ ਸਿੰਘ ਜਥੇ ਸਮੇਤ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿਚ ਲਗਾਉਂਦੇ ਹੋਏ।**

**ਲੁਧਿਆਣਾ,11 ਅਕਤੂਬਰ,** – ਅੱਜ ਇਥੇ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਜਥੇਦਾਰ ਅਮਰੀਕ ਸਿੰਘ ਅਤੇ ਜਥੇ ਨੇ ਵਾਰੇ ਦੇ ਰੂਪ ਵਿਚ ਕੀਤਾ।

ਉਪਰੰਤ ਸੂਬਾ ਹਰਭਜਨ ਸਿੰਘ ਨੇ ਲੁਧਿਆਣਾ ਵਿਖੇ ਚਲ ਰਹੇ ਜਪ ਪ੍ਰਯੋਗ ਦੀ ਸਮਾਪਤੀ ਦੀ ਅਰਦਾਸ ਕੀਤੀ। 2 ਸਧਾਰਨ ਪਾਠਾਂ ਦੇ ਭੋਗ ਪਾਏ ਗਏ।

1 ਪਾਠ ਸੰਤ ਸੰਤਾ ਸਿੰਘ ਦੀ ਯਾਦ ਵਿਚ ਸੰਤ ਚੰਚਲ ਸਿੰਘ ਵਲੋਂ,

1 ਪਾਠ ਮਾਤਾ ਪਿਤਾ ਦੀ ਯਾਦ ਵਿਚ ਸੰਤ ਜਸਵਿੰਦਰ ਸਿੰਘ ਵਲੋਂ।

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਵਲੋਂ ਪ੍ਰਯੋਗ ਦੇ ਸੰਬੰਧ ਵਿਚ ਕੀਤੇ ਗਏ ਪਵਿਤ੍ਰ ਉਪਦੇਸ਼ ਨੂੰ ਐਲ. ਸੀ. ਡੀ. ਸਕਰੀਨ ਤੇ ਸਾਧ ਸੰਗਤ ਨੂੰ ਸੁਣਾਇਆ ਗਿਆ।

ਸੰਤ ਤਾਰਾ ਸਿੰਘ ਅਨਜਾਣ ਨੇ ਸੰਗਤ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਇਸ ਵਾਰ ਅਪਾਰ ਕਿਰਪਾ ਕੀਤੀ ਹੈ ਜੋ ਹਜ਼ਾਰਾ ਦੀ ਗਿਣਤੀ ਵਿਚ ਸਾਧ ਸੰਗਤ ਨੇ ਦੇਸ਼ ਅਤੇ ਵਿਦੇਸ਼ਾਂ ਵਿਚ ਇਕੱਤਰ ਹੋ ਕੇ ਨਾਮ ਸਿਮਰਨ ਕੀਤਾ ਹੈ।

ਸੰਤ ਸੁਰਿੰਦਰ ਸਿੰਘ ਭਾਈ ਜੀ ਨੇ ਕਿਹਾ ਕਿ ਸਾਨੂੰ ਸਭ ਨੂੰ ਜਿਥੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਹਰ ਰੋਜ਼ ਨਾਮ ਸਿਮਰਨ ਕਰਨਾ ਚਾਹੀਦਾ ਹੈ, ਉਥੇ ਇਹ ਅੱਸੂ ਦੇ ਮਹੀਨੇ ਵਿਚ ਤਾਂ ਇਸ ਮਹਾਨ ਕਾਰਜ ਤੋਂ ਕੋਈ ਵਾਂਝਾ ਨਾ ਰਹੇ।

ਸੰਤ ਤਰਲੋਚਨ ਸਿੰਘ ਮਠਾਰੂ ਨੇ ਕਿਹਾ ਕਿ ਜਿਥੇ ਸਾਧ ਸੰਗਤ ਨੇ ਇਸ ਵਾਰ ਬਹੁਤ ਜ਼ਿਆਦਾ ਉਤਸ਼ਾਹ ਵਿਖਾਇਆ ਹੈ ਉਥੇ ਛੋਟੇ ਛੋਟੇ ਬੱਚਿਆਂ ਅਤੇ ਬੱਚੀਆਂ ਨੇ ਵੀ ਇਕ ਦੂਜੇ ਤੋਂ ਪਹਿਲਾਂ ਆਉਣ ਦੀ ਕੋਸ਼ਿਸ਼ ਕਰਦੇ ਰਹੇ, ਜਿਸ ਲਈ ਮੈਂ ਸਾਰੇ ਪ੍ਰਬੰਧਕਾਂ ਦਾ ਵਿਸ਼ੇਸ਼ ਧੰਨਵਾਦ ਕਰਦਾ ਹਾਂ।

ਸੰਤ ਸੁਖਵਿੰਦਰ ਸਿੰਘ ਨੇ ਸਾਰੇ ਹੀ ਰਾਗੀ ਜਥੇ ਵਲੋਂ ਸਾਧ ਸੰਗਤ ਦੇ ਸਹਿਯੋਗ ਲਈ ਧੰਨਵਾਦ ਕੀਤਾ ਤੇ ਕਿਹਾ ਕਿ ਸੰਗਤ ਅਰਦਾਸ ਕਰੇ ਅਸੀਂ ਇਸ ਤਰ੍ਹਾਂ ਕੀਰਤਨ ਰਾਹੀਂ ਸੇਾ ਕਰਦੇ ਰਹੀਏ।

ਸੂਬਾ ਹਰਭਜਨ ਸਿੰਘ ਅਤੇ ਸੰਤ ਬਲਵੀਰ ਸਿੰਘ ਨੇ ਆਈ ਸਾਰੀ ਸੰਗਤ ਦਾ ਧੰਨਵਾਦ ਕੀਤਾ। ਉਥੇ ਸਾਰੇ ਪ੍ਰਯੋਗ ਵਿਚ ਸੇਵਾ ਕਰਨ ਵਾਲਿਆਂ ਦਾ ਸਭ ਦਾ ਧੰਨਵਾਦ ਕੀਤਾ। ਸੂਬਾ ਜੀ ਨੇ ਜਿਥੇ ਬੱਚਿਆਂ ਅਤੇ ਉਹਨਾਂ ਦੇ ਮਾਤਾ ਪਿਤਾ ਦਾ ਵਿਸ਼ੇਸ਼ ਧੰਨਵਾਦ ਕੀਤਾ ਉਹਨਾਂ ਨੇ ਬੱਚਿਆਂ ਨੂੰ ਉਤਸ਼ਾਹਿਤ ਕਰਨ ਲਈ ਸ਼ਾਬਾਸੀ ਦੇ ਤੌਰ ਤੇ ਹਰ ਰੋਜ਼ ਕੁਝ ਨਾ ਕੁਝ ਗਿਫਟ ਦਿੱਤੀਆਂ। ਅੱਜ ਦੇ ਮੇਲੇ ਦੀ ਸੇਵਾ ਸੰਤ ਚੰਚਲ ਸਿੰਘ ਅਤੇ ਪਰਿਵਾਰ ਵਲੋਂ ਕੀਤੀ ਗਈ।

**-ਬਲਵੀਰ ਸਿੰਘ**



**ਹਫਤਾਵਾਰੀ ਸਮਾਗਮ ਸਮੇਂ ਹਾਜ਼ਰ ਸਾਧ ਸੰਗਤ ਦਾ ਇਕੱਠ।**

# ਪਿੰਡ ਸਸਰਾਲੀ ਕਲੋਨੀ ਵਿਖੇ ਸਲਾਨਾ ਜਪ ਪ੍ਰਯੋਗ ਸੰਪੰਨ

ਨਾਮਧਾਰੀ ਪੰਥ ਵਿਚ ਪਿੰਡ ਸਸਰਾਲੀ ਕਲੋਨੀ ਬਹੁਤ ਪ੍ਰਸਿੱਧ ਹੈ। ਇਥੇ ਸੰਤ ਸਤਨਾਮ ਸਿੰਘ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਨਿੰਨ ਸ਼ਰਧਾਲੂ ਸਿੱਖ ਨਿਵਾਸ ਰਖਦੇ ਹਨ। ਸ੍ਰੀ ਸਤਿਗੁਰੂ ਜੀ ਦੀ ਬਖਸ਼ਿਸ਼ ਨਾਲ ਸੈਂਕੜੇ ਲੋਕਾਂ ਨੂੰ ਮਾਸ ਸ਼ਰਾਬ ਦਾ ਤਿਆਗ ਕਰਵਾਕੇ ਭਜਨ ਦੱਸਦੇ ਹਨ। ਇਹਨਾਂ ਦੇ ਡੇਰੇ ਵਿਚ ਦੋ ਅਖੰਡ ਵਰਨੀਆਂ 12 ਸਾਲ ਤੋਂ ਨਿਰੰਤਰ ਚਲ ਰਹੀਆਂ ਹਨ। ਹਰ ਸਾਲ ਫਰਵਰੀ ਦੇ ਮਹੀਨੇ ਵਿਚ ਇਕ ਮਹੀਨਾ ਪੂਰਾ ਅਖੰਡ ਵਰਨੀਆਂ ਤੇ ਦੋ ਅਖੰਡ ਪਾਠ ਨਿਰੰਤਰ ਚਲਦੇ ਰਹਿੰਦੇ ਹਨ। ਪਿਛਲੇ ਸਾਲ 51 ਅਖੰਡ ਵਰਨੀਆਂ ਤੇ ਦੋ ਅਖੰਡ ਪਾਠ ਪੂਰਨ ਗੁਰ ਮਰਯਾਦਾ ਅਨੁਸਾਰ ਚਲਦੇ ਰਹੇ। ਹਰ ਸਾਲ ਇਕ ਮਹੀਨਾ ਜਪ ਪ੍ਰਯੋਗ ਅੰਮ੍ਰਿਤ ਵੇਲੇ 2 ਤੋਂ 4 ਵਜੇ ਤੀਕ, ਦੁਪਹਿਰ 11 ਤੋਂ 1 ਵਜੇ ਤੀਕ, ਸ਼ਾਮ ਨੂੰ 6 ਤੋਂ 7 ਵਜੇ ਤਕ ਚਲਦਾ ਰਹਿੰਦਾ ਹੈ। ਇਸ ਸਾਲ ਜਪ ਪ੍ਰਯੋਗ 17-9-2015 ਤੋਂ 13-10-2015 ਤਕ ਚਲਦਾ ਰਿਹਾ। ਇਸ ਪ੍ਰਯੋਗ ਵਿਚ ਪਿੰਡ ਸਸਰਾਲੀ ਕਲੋਨੀ, ਰੌੜ, ਬੂਥਗੜ੍ਹ, ਸਸਰਾਲੀ ਅਤੇ ਮੰਗਲੀ ਟਾਂਡਾ ਦੀਆਂ ਸੰਗਤਾਂ ਬੱਸ ਰਾਹੀਂ ਪੁਜਦੀਆਂ। ਇਹ ਬੱਸ ਦੀ ਸੇਵਾ ਸੰਤਾਂ ਵਲੋਂ ਇਕ ਮਹੀਨਾ ਜਾਰੀ ਰਹੀ। ਅੰਮ੍ਰਿਤ ਵੇਲੇ 2 ਵਜੇ ਜਪ ਪ੍ਰਯੋਗ ਦੀ ਅਰਦਾਸ ਸੰਤ ਬਲਵਿੰਦਰ ਸਿੰਘ ਕਰਦੇ। ਰੋਜ਼ਾਨਾ ਆਸਾ ਦੀ ਵਾਰ ਦਾ ਰਸਮਈ ਕੀਰਤਨ ਜਥੇਦਾਰ ਲਾਲ ਸਿੰਘ ਜਥੇ ਸਮੇਤ ਕਰਦੇ। ਸੰਗਤਾਂ ਦੀ ਗਿਣਤੀ 550 ਤੋਂ 600 ਤੀਕ ਹੋ ਜਾਂਦੀ। ਰੋਜ਼ਾਨਾ ਕੜਾਹ ਪ੍ਰਸ਼ਾਦ, ਲੱਡੂ, ਫਰੂਟ ਦੇ ਖੁਲੇ ਗੱਫੇ ਸੰਗਤਾਂ ਨੂੰ ਛਕਾਏ ਜਾਂਦੇ। ਰੋਜ਼ਾਨਾ ਬਹੁਤ ਹੀ ਅਨੰਦ ਬਣਦਾ। ਸੰਤ ਜੀ ਅਤੇ ਸੰਗਤ ਦੇ ਅਰਜ਼ ਕਰਨ ਤੇ ਪ੍ਰੇਮ ਵੱਸ ਰੁਝੇਵਿਆਂ ਵਿਚੋਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ 3 ਅਕਤੂਬਰ ਅੰਮ੍ਰਿਤ ਵੇਲੇ ਠੀਕ 3 ਵਜ ਕੇ 30 ਮਿੰਟ ਤੇ ਸੰਗਤਾਂ ਨੂੰ ਦਰਸ਼ਨ ਦੇ ਕੇ ਖ਼ੁਸ਼ੀਆਂ ਬਖਸ਼ੀਆਂ। ਸਾਰੀਆਂ ਸੰਗਤਾਂ ਨੇ ਗੁਰੂ ਚਰਨਾਂ ਵਿਚ ਅਰਜ਼ ਕੀਤੀ ਕਿ ਸ੍ਰੀ ਸਤਿਗੁਰੂ ਜੀ ਕਿਰਪਾ ਕਰੋ ਸਾਡੀ ਬਿਰਤੀ ਭਜਨ ਬੰਦਗੀ ਵਿਚ ਜੁੜੀ ਰਹੇ। ਸ੍ਰੀ ਸਤਿਗੁਰੂ ਜੀ ਨੇ ਸਭ ਨੂੰ ਵਧ ਤੋਂ ਵਧ ਸਮਾਂ ਬੈਠਕੇ ਭਜਨ ਕਰਨ ਬਾਰੇ ਹੁਕਮ ਕੀਤਾ। ਜਪ ਪ੍ਰਯੋਗ ਦੇ ਸਾਰੇ ਪ੍ਰਬੰਧ ਦੀ ਜ਼ਿੰਮੇਵਾਰੀ ਸ. ਕਰਮ ਸਿੰਘ ਸਰਪੰਚ ਨੇ ਬਾਖੂਬੀ ਨਿਭਾਈ।

**-ਮਨਜੀਤ ਸਿੰਘ ਚੂੰਨੀ ਖੁਰਦ**

# ਸੰਤ ਕਰਤਾਰ ਸਿੰਘ ਸਰਾਭਾ ਦੀ ਪਹਿਲੀ ਸ਼ਹੀਦੀ ਸ਼ਤਾਬਦੀ ਤੇ ਗੋਸ਼ਟੀ



**ਸ੍ਰੀ ਭੈਣੀ ਸਾਹਿਬ ਵਿਖੇ ਮਨਾਏ ਸੰਤ ਕਰਤਾਰ ਸਿੰਘ ਸਰਾਭਾ ਦੀ ਪਹਿਲੀ ਸ਼ਹੀਦੀ ਸ਼ਤਾਬਦੀ ਸਮੇਂ ਹਾਜ਼ਰ ਸਾਧ ਸੰਗਤ।**

**11-10-2015, ਸ੍ਰੀ ਭੈਣੀ ਸਾਹਿਬ** ਵਿਖੇ ਸਾਲਾਨਾ ਜਪ ਪ੍ਰਯੋਗ ਸਮੇਂ ਸ੍ਰੀ ਸਤਿਗੁਰੂ ਜੀ ਦੀ ਛਤਰ ਛਾਇਆ ਹੇਠ 12 ਤੋਂ ਪੌਣੇ 2 ਵਜੇ ਦੁਪਿਹਰ ਤਕ ਕੌਮੀ ਆਜ਼ਾਦੀ ਦੇ ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਗਦਰ ਲਹਿਰ ਦੇ ਹੋਰ ਸ਼ਹੀਦਾਂ ਦੀ ਯਾਦ ਵਿਚ ਇਕ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਗਦਰ ਲਹਿਰ ਦੀ ਵਿਚਾਰਧਾਰਾ ਨੂੰ ਪਹੁੰਚੀਆਂ ਉਘੀਆਂ ਹਤਸਤੀਆਂ ਨੇ ਵਿਸ਼ਾਲ ਸੰਗਤਾਂ ਨੂੰ ਸੰਬੋਧਨ ਕੀਤਾ। ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਸੁਵਰਨ ਸਿੰਘ ਵਿਰਕ ਨੇ ਆਰੰਭ ਵਿਚ ਦੱਸਿਆ ਕਿ 16 ਨਵੰਬਰ 1915 ਨੂੰ ਸ਼ਹੀਦ ਕਰਤਾਰ ਸਿੰਘ ਅਤੇ ਉਸਦੇ ਛੇ ਹੋਰ ਸਾਥੀਆਂ ਨੂੰ ਸੈਂਟਰਲ ਜੇਲ ਲਾਹੌਰ ਵਿਚ ਦੇਸ਼ ਆਜ਼ਾਦੀ ਦੀ ਜੰਗ ਛੇੜਨ ਬਦਲੇ ਫਾਂਸੀ ਲਾ ਕੇ ਸ਼ਹੀਦ ਕੀਤਾ ਗਿਆ। ਗਦਰ ਲਹਿਰ ਦੇ ਸ਼ਹੀਦਾਂ ਦੀ ਵੱਡੀ ਗਿਣਤੀ ਵਿਚ ਮੌਤ ਦੀਆਂ ਸਜਾਵਾਂ, ਕਾਲੇ ਪਾਣੇ ਦੇ ਕੁੰਭੀ ਨਰਕ ਦੀਆਂ ਕੈਦਾਂ ਅਤੇ ਹੋਰ ਕਠੋਰ ਯਾਤਨਾਵਾਂ ਬਰਦਾਸਤ ਕੀਤੀਆਂ। ਵਿਰਕ ਨੇ ਗਦਰ ਲਹਿਰ ਉਪਰ ਪਏ ਕੂਕਾ ਲਹਿਰ ਦੇ ਪ੍ਰਤੱਖ-ਅਪ੍ਰਤੱਖ ਪ੍ਰਭਾਵਾਂ ਦਾ ਸੰਖੇਪ ਜ਼ਿਕਰ ਕਰਦਿਆਂ ਦੋਹਾਂ ਲਹਿਰਾਂ ਦੀਆਂ ਸਮਾਨਤਾਵਾਂ ਦਾ ਜ਼ਿਕਰ ਕਰਦਿਆਂ ਬਹੁਤ ਸਾਰੇ ਕੂਕੇ ਪ੍ਰਭਾਵ ਵਾਲੇ ਖਿਤਿਆਂ ਵਿਚ ਗਦਰ ਲਹਿਰ ਉਠਣ ਦੀ ਨਿਸ਼ਾਨਦੇਹੀ ਕੀਤੀ।

ਇਸੇ ਚਰਚਾ ਨੂੰ ਅਗੇ ਵਧਾਉਂਦਿਆਂ ਨਾਮਧਾਰੀ ਗੁਰੂ ਰਾਮ ਸਿੰਘ ਚੇਅਰ ਦੇ ਮੁੱਖੀ ਡਾ. ਜੋਗਿੰਦਰ ਸਿੰਘ ਹੋਰਾਂ ਨੇ ਕਿਹਾ ਵੀ ਵੀਹਵੀਂ ਸੱਦੀ ਵਿਚ ਨਾਮਧਾਰੀ ਲਹਿਰ ਆਪਣੀ ਪਹਿਚਾਣ ਦੇ ਜਿਸ ਸੰਕਟ ਵਿਚੋਂ ਲੰਘ ਰਹੀ ਸੀ, ਇਸ ਵਿਚ ਗਦਰ ਲਹਿਰ ਦੇ ਲੇਖਕਾਂ ਨੇ ਨਾਮਧਾਰੀ ਅੰਦੋਲਨ ਦੀ ਆਰਥਿਕਤਾ ਸਿੱਧ ਕਰਕੇ ਉਹਨਾਂ ਨੂੰ ਸੰਕਟ ਮੁਕਤ ਕੀਤਾ। ਨਾਮਧਾਰੀ ਪੰਥ ਦੇ ਮੁਖੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਦਿਵਾਨਾਂ ਵਿਚ ਕਾਮਾਗਾਟਾ ਮਾਰੂ ਅਤੇ ਗਦਰੀਆਂ ਦੇ ਟੀਚਿਆਂ ਨਾਲ ਇਕੱਜੁਟਤਾ ਪ੍ਰਗਟਾਈ ਗਦਰ ਲਹਿਰ ਦੇ ਭਾਈ ਪਰਮਾਨੰਦ ਜਿਹੇ ਆਗੂ ਕੂਕਿਆਂ ਦੀਆਂ ਕੁਰਬਾਨੀਆਂ ਬਾਰੇ ਲਿਖਦੇ ਰਹੇ।

ਸੰਮੇਲਨ ਦੇ ਮੁਖ ਵਕਤਾ ਅਤੇ ਗਦਰ ਲਹਿਰ ਦੇ ਅਧਿਕਾਰਤ ਵਿਦਵਾਨ ਡਾ. ਹਰੀਸ਼ ਪੁਰੀ ਨੇ ਬਾਬਾ ਸੋਹਣ ਸਿੰਘ ਭਕਨਾ ਦੇ ਸ੍ਵੈ ਕਥਨ ਨੂੰ ਉਦਰਿਤ ਕਰਦਿਆਂ ਦੱਸਿਆ ਕਿ ਉਸਨੇ ਨਾਮਧਾਰੀ ਲਹਿਰ ਦੇ ਉਦਾਤ ਅਸੂਲਾਂ, ਇਸਦੇ ਸੰਸਥਾਪਕ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਪੈਰੋਕਾਰ ਬਾਬਾ ਕੇਸਰ ਸਿੰਘ ਪਾਸੋਂ ਜੋ ਰੂਹਾਨੀਅਤ ਅਤੇ ਦੇਸ਼ ਭਗਤੀ ਦੇ ਉਚ ਅਸੂਲ ਸਿੱਖੇ, ਉਸ ਲਈ ਉਹਨਾਂ ਦਾ ਮਸ਼ਕੂਰ ਹਾਂ। ਸਤਿਗੁਰੂ ਰਾਮ ਸਿੰਘ ਜੀ ਨੇ ਸਮਝ ਲਿਆ ਸੀ ਕਿ ਦੇਸ਼ ਆਜ਼ਾਦ ਕਰਾਏ ਬਿਨਾਂ ਸਮਾਜ ਸੁਧਾਰ ਵੀ ਨਹੀਂ ਹੋ ਸਕਦਾ। ਗਦਰ ਅਖਬਾਰ ਦੇ ਪਹਿਲੇ ਪਰਚੇ ਵਿਚ ਹੀ ਪੰਜਾਬ ਵਿਚ ਚਲੀ ਕੂਕਾ ਲਹਿਰ ਨੂੰ ਅਜ਼ਾਦੀ ਦੀ ਪਹਿਲੀ ਜੰਗ ਦੱਸਦਿਆਂ ਹੁਣ ਫਿਰ ਲੋਕਾਂ ਨੂੰ ਗਦਰ ਦਾ ਹੋਕਾ ਦਿੱਤਾ।

ਡਾ. ਪੁਰੀ ਨੇ ਕਿਹਾ ਕਿ ਗਦਰ ਲਹਿਰ ਦੇ ਇਸ ਵਿਚ ਭਾਗ ਲੈਣ ਵਾਲਿਆਂ ਦੀ ਚੇਤਨਾ ਨੂੰ ਵਿਕਸਿਤ ਕੀਤਾ। ਅਸੀਂ ਗੁਲਾਮ ਕਿਉਂ ਹਾਂ ਦੂਜੇ ਮੁਲਕ ਆਜ਼ਾਦ ਕਿਉਂ ਹਨ? ਉਹਨਾਂ ਸੁਆਲ ਕਰਨੇ ਸ਼ੁਰੂ ਕੀਤੇ। 5000 ਪਰਵਾਸੀ ਗੱਦਰ ਦੇ ਝੰਡੇ ਹੇਠ ਭਾਰਤ ਆ ਕੇ ਕੁਰਬਾਨੀਆਂ ਕਰਦੇ ਸਨ। ਉਹਨਾਂ ਨੇ ਕਾਂਗਰਸ ਤੋਂ 14-15 ਸਾਲ ਪਹਿਲਾਂ ਪੂਰਨ ਆਜ਼ਾਦੀ ਦੀ ਮੰਗ ਕੀਤੀ। ਗਦਰ ਲਹਿਰ ਨੇ ਇਕ ਨਵੀਂ ਚੇਤਨਾ ਨੂੰ ਜਨਮ ਦਿੱਤਾ। ਆਜ਼ਾਦੀ, ਸਮਾਨਤਾ ਅਤੇ ਭਾਈਚਾਰੇ ਦੇ ਵਿਚਾਰਾਂ ਨੇ ਜੜ੍ਹਾਂ ਫੜੀਆਂ। ਸਭ ਨੂੰ ਤਰੱਕੀ ਕਰਨ ਦਾ ਸਮਾਨ ਅਵੱਸਰ ਜੁਟਾਉਣ ਦੀ ਗੱਲ ਤੁਰੀ। ਗਦਰ ਲਹਿਰ ਰੰਗ, ਭਾਸ਼ਾ, ਧਰਮ, ਜਾਤ ਦੇ ਵਿਤਕਰੇ ਨੂੰ ਮੇਟਣ ਵਾਲੀ ਲਹਿਰ ਸੀ। ਅੱਜ ਦੇ ਪ੍ਰਸੰਗ ਵਿਚ ਜਦੋਂ ਕੁਝ ਲੋਕਾਂ ਦੇ ਸੰਕੀਰਨ ਵਿਚਾਰ ਕੌਮੀ ਏਕਤਾ ਨੂੰ ਖਤਰਾ ਉਤਪੰਨ ਕਰ ਰਹੇ ਹਨ, ਗਦਰ ਲਹਿਰ ਦੇ ਟੀਚਿਆਂ ਦੀ ਸਾਰਥਕਤਾ ਹੋਰ ਵੀ ਵਧ ਗਈ ਹੈ।

ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਨਾਲ ਜੁੜੇ ਡਾ. ਪਰਮਿੰਦਰ ਸਿੰਘ ਹੋਰਾਂ ਨੇ ਆਖਿਆ ਕਿ ਅੱਜ ਦੇ ਚੁਣੌਤੀਆਂ ਭਰਪੂਰ ਜਮਾਨੇ ਵਿਚ ਸਾਨੂੰ ਸ਼ਹੀਦ ਸਰਾਭੇ ਦੀ ਲਗਨ, ਆਪਣੇ ਕਾਜ ਪ੍ਰਤੀ ਪ੍ਰਤੀਬੱਧਤਾ ਆਦਰਸ਼ ਪ੍ਰਤੀ ਇਮਾਨਦਾਰੀ ਅਤੇ ਕੁਰਬਾਨੀ ਦੇ ਮਾਦੇ ਨੂੰ ਮੁੜ ਅਪਣਾਉਣ ਦੀ ਲੋੜ ਹੈ ਤਾਂ ਕਿ ਮਨੁਖੀ ਮੁਕਤੀ ਅਤੇ ਏਕੇ ਦੀ ਸਲਾਮਤੀ ਲਈ ਲੜਾਈ ਨੂੰ ਅਗੇ ਵਧਾਇਆ ਜਾ ਸਕੇ।

ਪੰਜਾਬੀ ਯੂਨੀਵਰਸਿਟੀ ਚੰਡੀਗੜ੍ਹ ਵਿਚ ਪੰਜਾਬੀ ਵਿਭਾਗ ਦੇ ਮੁਖੀ ਸਮੀਖਿਅਕ ਡਾ. ਸੁਖਦੇਵ ਸਿੰਘ ਸਿਰਸਾ ਪ੍ਰਧਾਨ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਨੇ ਕਿਹਾ ਕਿ ਨਾਮਧਾਰੀ ਦਰਬਾਰ ਸਮੇਂ ਸਮਾਜ ਨੂੰ ਦਰਪੇਸ ਚੁਨੌਤੀਆਂ ਦੇ ਰੂਬਰੂ ਹੁੰਦਾ ਰਹਿੰਦਾ ਹੈ। ਅੱਜ ਦੇ ਸਮੇਂ ਵਿਚ ਸਾਡੀ ਯੁਵਾ ਪੀੜੀ ਨੂੰ ਸ਼ਹੀਦ ਸਰਾਭੇ ਦੇ ਕੁਰਬਾਨੀਆਂ ਵਾਲੇ ਜੀਵਨ ਤੋਂ ਪ੍ਰੇਰਨਾ ਲੈ ਕੇ ਦੇਸ ਦੇ ਆਮ ਆਦਮੀ ਵਾਸਤੇ ਕੁਝ ਕਰਨ ਦੀ ਲੋੜ ਹੈ। ਨਾਮਧਾਰੀ ਪੰਥ ਆਪਣੇ ਜਨਮ ਤੋਂ ਹੀ ਸਾਮਰਾਜ ਵਿਰੋਧੀ ਪੰਥ ਹੈ ਅਤੇ ਅੱਜ ਦੇ ਨਵ-ਸਾਮਰਾਜੀਆਂ ਦੀਆਂ ਸਾਰੀਆਂ ਕੁਚਾਲਾਂ ਦਾ ਮੂੰਹ ਮੋੜਨਾ ਹੀ ਕੂਕਾ ਲਹਿਰ ਅਤੇ ਗਦਰ ਲਹਿਰ ਦੇ ਸ਼ਹੀਦਾਂ ਨੂੰ ਯਾਦ ਕਰਨ ਦਾ ਬਿਹਤਰ ਢੰਗ ਹੋ ਸਕਦਾ ਹੈ। ਉਹਨਾਂ ਨੇ ਪਹਿਲੇ ਵਕਤਿਆਂ ਨਾਲ ਸੁਰਾਂ ਮਿਲਾਉਂਦਿਆਂ ਸੰਪ੍ਰਦਾਇਕ ਤਾਕਤਾਂ ਦੇ ਵਧਦੇ ਹਮਲਿਆਂ ਵਿਰੁੱਧ ਵੀ ਇਕ ਜੁੱਟ ਹੋਣ ਦੀ ਲੋੜ ਤੇ ਬਲ ਦਿੱਤਾ।

**-ਗੁਰਦੇਵ ਸਿੰਘ ਚੀਮਾ**
**ਸਕੱਤਰ ਵਿਸ਼ਵ ਨਾਮਧਾਰੀ ਵਿਦਿਅਕ ਜਥਾ ਸ੍ਰੀ ਭੈਣੀ ਸਾਹਿਬ**

## ਬੇਅੰਤ ਪਾਤਸ਼ਾਹ ਜੀ

**✍ ਸਤਵੰਤ ਕੌਰ ਮਠਾਰੂ**

ਧੰਨ-ਧੰਨ ਬੇਅੰਤ ਪਾਤਸ਼ਾਹ ਜੀ, ਸੱਜਿਆ ਰਹੇ ਤੇਰਾ ਦਰਬਾਰ ਵੇ।
ਜਪਦੇ ਨਾਮ ਨਰ-ਨਾਰੀ ਆਪਦਾ, ਰਚਾਏ ਖੇਡਾਂ ਕੌਤਕ-ਸੰਸਾਰ ਵੇ।
ਨੂਰ ਇਲਾਹੀ ਸੋਮਾ ਸ਼ਾਂਤੀ ਦਾ, ਵੰਡਦੇ ਨਾਮ-ਬਾਣੀ ਤੇ ਪਿਆਰ ਵੇ।
ਬਣਕੇ ਕਰੇਂ ਕਦੇ ਤਪ ਤਪੀ ਤੂੰ, ਫੜੇਂ ਕਦੇ ਤੂੰ ਤੀਰ ਤਲਵਾਰ ਵੇ।
ਆਦਿ ਜੁਗਾਦਿ ਤੋਂ ਜਗਮਗ ਜੋਤਿ, ਕਿਵੇਂ ਕਰੇਂ ਦੂਰ ਅੰਧਕਾਰ ਵੇ।
ਚਾਹੀਏ ਜਿਸ ਰੂਪ ਵਿਚ ਆਪਨੂੰ, ਦੇਵੇਂ ਉਸੇ ਰੂਪ 'ਚ ਦੀਦਾਰ ਵੇ।

ਪੀਤੇ ਨੇ ਜਾਮ ਜਿਨ੍ਹਾਂ ਤੇਰੀ ਪ੍ਰੀਤ ਦੇ, ਉਹ ਸਦਾ ਤੇਰੇ ਹੋਕੇ ਰਹਿੰਦੇ ਨੇ।
ਭਰਦੇ ਝੋਲਾਂ ਬਖਸ਼ਿਸ਼ਾਂ ਨਾਲ ਜੀ, ਦੁਨੀਆਂ ਦੇ ਦੁੱਖ-ਸੁੱਖ ਸਹਿੰਦੇ ਨੇ।
ਕਰ ਕਰਕੇ ਪਾਕ ਰੂਹਾਂ ਨੂੰ ਉਹ, ਦਰਗਾਹ ਤੇਰੀ ਵਿਚ ਬਹਿੰਦੇ ਨੇ।
ਢਾਹ ਮਹੱਲ ਉਹ ਕੂੜ-ਪਾਪਾਂ ਦੇ, ਸਮਧਾਰਾ ਵੇਗ ਵਿੱਚ ਵਹਿੰਦੇ ਨੇ।
ਤੂੰ ਸੁੰਦਰ ਸਰੂਪ ਕੁਦਰਤ ਦਾ, ਸਦਾ ਸੱਚ ਬਚਨ ਉਹ ਕਹਿੰਦੇ ਨੇ।
ਤੂੰ ਅਨੰਤ ਸੁੱਖਾਂ ਦਾ ਭੰਡਾਰ ਗੁਰੂ, ਦੀਦ ਤੇਰੀ ਨਾਲ ਪਾਪ ਲਹਿੰਦੇ ਨੇ।

## ਪਿਛੈ ਕੀਰਤਨੁ ਕਰਿਅਹੁ ਨਿਰਬਾਣੁ



ਸ੍ਰੀ ਸਤਿਗੁਰੂ ਜੀ ਦੇ ਅਨਿੰਨ ਸੇਵਕ **ਜਥੇਦਾਰ ਪ੍ਰੀਤਮ ਸਿੰਘ ਦਿੱਲੀ** 30 ਸਤੰਬਰ 2015 ਨੂੰ ਪਿੰਡ ਨਗਰ (ਪੰਜਾਬ) ਅਕਾਲ ਚਲਾਣਾ ਕਰ ਗਏ। ਜਥੇਦਾਰ ਜੀ ਦਾ ਜਨਮ ਸੰਨ 1930 ਪਿੰਡ ਨਾਨਕੇ ਹੰਸਰੋ (ਪੰਜਾਬ) ਵਿਖੇ ਹੋਇਆ। ਜਥੇਦਾਰ ਜੀ ਦੇ ਪਿਤਾ ਸੰਤ ਕਰਤਾਰ ਸਿੰਘ (ਗੜ੍ਹ ਪਧਾਣਾ) ਮਾਤਾ ਧੰਨ ਕੌਰ ਸਨ। ਸੰਤ ਕਰਤਾਰ ਸਿੰਘ ਪੱਕੇ ਨਾਮਧਾਰੀ ਸਨ। ਸਾਧੂ ਬਿਰਤੀ ਵਾਲੇ ਸਨ। ਪਿੰਡ ਗੜ੍ਹ ਪਧਾਣਾ ਲਕੜੀ ਦਾ ਕਾਰੋਬਾਰ ਕਰਦੇ ਸਨ। ਸੰਤ ਕਰਤਾਰ ਸਿੰਘ ਦੇ 4 ਲੜਕੇ 2 ਲੜਕੀਆਂ ਹਨ। ਵੱਡੇ ਜਕੇਦਾਰ ਪ੍ਰੀਤਮ ਸਿੰਘ, ਸੰਤ ਕੁਲਦੀਪ ਸਿੰਘ, ਸੰਤ ਜੋਗਾ ਸਿੰਘ, ਸੰਤ ਗੁਰਦਿਆਲ ਸਿੰਘ, ਲੜਕੀਆਂ ਜੋਗਿੰਦਰ ਕੌਰ, ਪ੍ਰਵਿੰਦਰ ਕੌਰ ਹਨ। ਜਥੇਦਾਰ ਜੀ ਨੇ ਬਚਪਨ ਵਿਚ ਪੰਜਾਬੀ ਤੇ ਉਰਦੂ ਦੀ ਪੜਾਈ ਕੀਤੀ। ਫਿਰ ਆਪਣੇ ਪਿਤਾ ਜੀ ਨਾਲ ਲੱਕੜੀ ਦਾ ਕਾਰੋਬਾਰ ਕਰਦੇ ਰਹੇ। ਸਤਿਗੁਰੂ ਪ੍ਰਤਾਪ ਸਿੰਘ ਜੀ ਇਹਨਾਂ ਦੇ ਪਿੰਡ ਬਹੁਤ ਦਰਸ਼ਨ ਦਿੰਦੇ ਰਹਿੰਦੇ ਸਨ, ਕਥਾ ਕੀਰਤਨ ਦਾ ਪ੍ਰਵਾਹ ਚਲਦਾ ਰਹਿੰਦਾ ਸੀ। ਇਸੇ ਕਰਕੇ ਜਥੇਦਾਰ ਪ੍ਰੀਤਮ ਸਿੰਘ ਬਚਪਨ ਵਿਚ ਸੰਤ ਗਿਆਨਾ ਸਿੰਘ (ਵਾਰੇ ਵਾਲੇ), ਸੂਬਾ ਦਸੌਂਧਾ ਸਿੰਘ, ਸੰਤ ਪ੍ਰੀਤਮ ਸਿੰਘ ਪੱਦੀ ਵਾਲੇ ਦੇ ਸੰਪਰਕ ਵਿਚ ਰਹੇ। ਇਕ ਵਾਰ ਸੂਬਾ ਦਸੌਂਧਾ ਸਿੰਘ ਨੇ ਆਖਿਆ ਇਹ ਲੜਕਾ ਵੱਡਾ ਹੋ ਕੇ ਜਥੇਦਾਰ ਬਣੇਗਾ। ਜਦੋਂ ਜਥੇਦਾਰ ਜੀ 20 ਕੁ ਸਾਲਾਂ ਦੇ ਸਨ ਇਹਨਾਂ ਦਾ ਅਨੰਦ ਕਾਰਜ ਬੀਬੀ ਚੰਨਣ ਕੌਰ ਨਾਲ ਹੋਇਆ ਪਰ ਜਥੇਦਾਰ ਜੀ ਘਰ ਕੋਈ ਔਲਾਦ ਨਹੀਂ ਹੋਈ। ਅਨੰਦ ਕਾਰਜ ਕਰਕੇ ਕਾਰੋਬਾਰ ਲਈ ਦਿੱਲੀ ਆ ਗਏ। ਫਿਰ ਕਰੀਬ 60 ਸਾਲ ਦਿੱਲੀ (ਸ਼ਾਦੀਪੁਰ) ਰਹੇ। ਉਹ ਦਿੱਲੀ ਆਕੇ ਕਥਾ ਕੀਰਤਨ, ਆਸਾ ਦੀ ਵਾਰ (ਵਾਰੇ) ਦਿਵਾਨ ਲਗਾਉਣ ਲਗੇ। ਜਲਦੀ ਦਿੱਲੀ ਦੇ ਸਭ ਦੇ ਹਰਮਨ ਪਿਆਰੇ ਜਥੇਦਾਰ ਬਣ ਗਏ। ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਦਿੱਲੀ ਦੌਰਾ ਹੁੰਦਾ ਤਾਂ ਜਥੇਦਾਰ ਜੀ ਹਜ਼ੂਰੀ ਵਿਚ ਵਾਰੇ ਦਾ ਕੀਰਤਨ, ਸ਼ਾਮ ਦਾ ਕੀਰਤਨ ਕਰਦੇ ਸਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਿੱਲੀ ਦਰਸ਼ਨ ਦੇਣ ਸਮੇਂ ਹਜ਼ੂਰੀ ਵਿਚ ਆਸਾ ਦੀ ਵਾਰ, ਦਿਵਾਨ ਲਗਾਉਂਦੇ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਾਲ ਦੌਰਿਆਂ ਤੇ ਜਾਂਦੇ ਸਨ। ਸਤਿਗੁਰੂ ਜਗਜੀਤ ਸਿੰਘ ਜੀ ਨਾਲ ਵਿਦੇਸ਼ ਕਈ ਵਾਰ ਇੰਗਲੈਂਡ, ਥਾਈਲੈਂਡ, ਨਰੋਬੀ ਹੋਲਿਆਂ ਤੇ ਮੇਲਿਆਂ ਤੇ ਗਏ ਸਨ। ਜਦੋਂ ਦੁਬਈ ਸਤਿਗੁਰੂ ਜਗਜੀਤ ਸਿੰਘ ਜੀ ਪਹਿਲਾ ਦੌਰਾ ਕੀਤਾ ਜਥੇਦਾਰ ਜੀ ਦੁਬਈ ਰਹਿੰਦੇ ਸਨ। ਸੱਚੇ ਪਾਤਸ਼ਾਹ ਜੀ ਨੇ ਬਹੁਤ ਖਸ਼ੀਆਂ ਬਖਸ਼ੀਆਂ।

ਜਥੇਦਾਰ ਜੀ ਅਕਾਲ ਚਲਾਣੇ ਤੋਂ ਇਕ ਦਿਨ ਪਹਿਲਾਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਦਰਸ਼ਨ ਕਰਨ ਸ੍ਰੀ ਭੈਣੀ ਸਾਹਿਬ ਗਏ। ਤੜਕੇ 2.30 ਵਜੇ ਇਸ਼ਨਾਨ ਕਰਕੇ ਨਿਤਨੇਮ ਕੀਤਾ। ਭਾਣਜੇ ਬਲਵਿੰਦਰ ਸਿੰਘ (ਬੱਲੂ), ਭੈਣ ਜੋਗਿੰਦਰ ਕੌਰ, ਭਣੋਈ ਸਰਦਾਰਾ ਸਿੰਘ ਨੂੰ ਬੁਲਾਕੇ ਆਖਿਆ ਮੇਰਾ ਸਮਾਂ ਆ ਗਿਆ ਹੈ। ਜਥੇਦਾਰ ਜੀ ਨਿਤਨੇਮ ਕਰਦੇ ਪਿੰਡ ਨਗਰ ਵਿਖੇ ਸਤਿਗੁਰੂ ਜੀ ਦੇ ਚਰਨਾਂ 'ਚ ਜਾ ਬਿਰਾਜੇ। ਨਗਰ ਹੀ ਸਸਕਾਰ ਕੀਤਾ ਗਿਆ। ਜਥੇਦਾਰ ਜੀ ਦੀ ਯਾਦ ਵਿਚ ਪਿੰਡ ਨਗਰ (ਪੰਜਾਬ) ਵਿਚ ਮੇਲਾ ਕੀਤਾ ਗਿਆ। ਨਾਮਧਾਰੀ ਪੰਥ ਦੀਆਂ ਮਹਾਨ ਹਸਤੀਆਂ, ਸੂਬੇ ਸਾਹਿਬਾਨ, ਜਥੇਦਾਰ, ਇਲਾਕੇ ਦੀ ਨਾਮਧਾਰੀ ਸੰਗਤ ਤੇ ਰਿਸ਼ਤੇਦਾਰਾਂ ਨੇ ਹਿੱਸਾ ਲਿਆ। ਸੰਤ ਬਹਾਦਰ ਸਿੰਘ (ਭਾਣਜਾ) ਇੰਗਲੈਂਡ ਤੋਂ ਵਿਸ਼ੇਸ਼ ਤੋਰ ਤੇ ਭਾਰਤ ਪਹੁੰਚੇ। ਸੰਤਾਂ ਨਮਿਤ 9 ਅਕਤੂਬਰ 2015 ਨੂੰ ਪਾਏ ਗਏ ਭੋਗ ਤੋਂ ਪਹਿਲਾਂ ਜਥੇਦਾਰ ਪ੍ਰੀਤਮ ਸਿੰਘ ਬਰਨਾਲਾ (ਸ੍ਰੀ ਭੈਣੀ ਸਾਹਿਬ) ਦਿਵਾਨ ਸਜਾਇਆ ਤੇ ਜਥੇਦਾਰ ਜੀ ਦੇ ਜੀਵਨ ਤੇ ਚਾਨਣਾ ਪਾਇਆ। ਉਪਰੰਤ ਪਾਠ ਦਾ ਭੋਗ ਪਾਇਆ ਗਿਆ ਅਤੇ ਅਰਦਾਸ ਕੀਤੀ ਕਿ ਇਸ ਜੀਵ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੋ। ਸੂਬਾ ਹਰਜੀਤ ਸਿੰਘ, ਸੂਬਾ ਜਸਵੀਰ ਸਿੰਘ (ਪੱਦੀ ਖਾਲਸਾ) ਤੇ ਲੁਧਿਆਣਾ ਪੁਲਿਸ ਕਮਿਸ਼ਨਰ ਸ੍ਰੀ ਮਲਹੋਤਰਾ ਜੀ, ਸੰਤ ਬਲਵੀਰ ਸਿੰਘ ਮੌਜੀ ਨੇ ਸ਼ਰਧਾਂਜਲੀ ਦਿੱਤੀ।

ਅੰਤ ਵਿਚ ਜਥੇਦਾਰ ਜੀ ਦੇ ਛੋਟੇ ਭਰਾਤਾ ਸੰਤ ਗੁਰਦਿਆਲ ਸਿੰਘ ਜੋਧਪੁਰ ਨੇ ਅੱਧਾ ਘੰਟਾ ਦਿਵਾਨ ਸਜਾ ਕੇ ਜੀਵਨ ਤੇ ਬਹੁਤ ਖੋਜ ਭਰਪੂਰ ਜਾਣਕਾਰੀ ਦਿੱਤੀ। ਸਾਧ ਸੰਗਤ ਦਾ ਧੰਨਵਾਦ ਕੀਤਾ ਗਿਆ। ਸਮਾਪਤੀ ਤੇ ਸੰਤ ਸਰਦਾਰਾ ਸਿੰਘ ਤੇ ਭੈਣ ਜੋਗਿੰਦਰ ਕੌਰ ਵਲੋਂ ਲੰਗਰ ਵਰਤਾਇਆ ਗਿਆ। ਸੱਚੇ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਲਈਆਂ।

**-ਗੁਰਦਿਆਲ ਸਿੰਘ (ਜੋਧਪੁਰ)**

RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17

## ਸੱਦਾ-ਪੱਤਰ

ਸ਼ਾਸ਼ਤ੍ਰੀ ਸੰਗੀਤ ਦੇ ਪ੍ਰੇਮੀਆਂ ਨੂੰ ਇਹ ਜਾਣਕੇ ਖੁਸ਼ੀ ਹੋਵੇਗੀ ਕਿ ਭਾਰਤੀ ਸ਼ਾਸ਼ਤ੍ਰੀ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਸੰਰਾਖਿਅਕ, ਰਾਗ ਨਾਦ ਦੇ ਦਾਤੇ, ਸਾਂਝੀਵਾਲਤਾ ਦੇ ਪੈਗੰਬਰ ਅਤੇ ਸਾਹਿਬ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਵਿਸ਼ਵ ਭਰ ਵਿੱਚ ਪ੍ਰਚਾਰਨ ਪ੍ਰਸਾਰਨ ਵਾਲੇ ਪਰਮ-ਪੂਜਯ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ 96ਵਾਂ ਪ੍ਰਕਾਸ਼ ਪੁਰਬ ਸਮੂਹ ਨਾਮਧਾਰੀ ਸੰਗਤ ਵੱਲੋਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਛਤਰ-ਛਾਇਆ ਹੇਠ ਤਪੋ ਭੂਮੀ ਸ੍ਰੀ ਭੈਣੀ ਸਾਹਿਬ ਵਿਖੇ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ।

ਇਸ ਮੁਬਾਰਕ ਦਿਹਾੜੇ ਤੇ 21-22 ਨਵੰਬਰ, 2015 ਦਿਨ ਸ਼ਨੀਵਾਰ-ਐਤਵਾਰ ਨੂੰ ਦੋ ਦਿਨਾਂ

**ਚੌਥਾ**

**ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ**

ਆਯੋਜਿਤ ਕੀਤਾ ਜਾ ਰਿਹਾ ਹੈ।

ਇਸ ਸੰਗੀਤ ਸੰਮੇਲਨ ਦਾ ਅਨੰਦ ਮਾਣਨ ਲਈ ਆਪ ਜੀ ਨੂੰ ਅਸੀਂ ਤਹਿ ਦਿਲੋਂ ਅਮੰਤ੍ਰਿਤ ਕਰਦੇ ਹਾਂ।

ਸਤਿਕਾਰ ਸਹਿਤ

ਵਿਸ਼ਵ ਨਾਮਧਾਰੀ ਸੰਗਤ, ਸ੍ਰੀ ਭੈਣੀ ਸਾਹਿਬ



**ਚੌਥਾ**

**ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ**

ਮਿਤੀ 21-22 ਨਵੰਬਰ, 2015 ਦਿਨ ਸ਼ਨੀਵਾਰ-ਐਤਵਾਰ

## ਪ੍ਰੋਗਰਾਮ

**21 ਨਵੰਬਰ 2015 ਦਿਨ ਸ਼ਨੀਵਾਰ**

| | |
|---|---|
| ਜੈਤਾ ਸਿੰਘ ਨਾਮਧਾਰੀ | ਸਰੋਦ |
| ਮਨਸਾ ਸਿੰਘ ਨਾਮਧਾਰੀ | ਤਬਲਾ ਸੰਗਤ |
| ਪੰਡਿਤ ਉਲਹਾਸ ਕੁਸ਼ਾਲਕਰ ਜੀ | ਗਾਇਨ |
| ਪੰਡਿਤ ਯੋਗੇਸ਼ ਸਾਮਸੀ ਜੀ | ਤਬਲਾ ਸੰਗਤ |
| ਸ੍ਰੀ ਵਿਨੇ ਮਿਸ਼ਰਾ ਜੀ | ਹਾਰਮੋਨੀਅਮ |
| ਪੰਡਿਤ ਰਾਜੇਂਦਰ ਗੰਗਾਨੀ ਅਤੇ ਸਾਥੀ | ਕੱਥਕ ਨ੍ਰਿਤ |
| ਪੰਡਿਤ ਫਤਿਹ ਸਿੰਘ ਗੰਗਾਨੀ | ਤਬਲਾ ਸੰਗਤ |
| ਉਸਤਾਦ ਸੁਖਵਿੰਦਰ ਸਿੰਘ ਨਾਮਧਾਰੀ | ਤਬਲਾ ਸੰਗਤ |

**22 ਨਵੰਬਰ 2015 ਦਿਨ ਐਤਵਾਰ**

| | |
|---|---|
| ਕਿਰਪਾਲ ਸਿੰਘ ਨਾਮਧਾਰੀ | ਤਾਰ ਸ਼ਹਿਨਾਈ |
| ਅਜੇਪਾਲ ਸਿੰਘ ਨਾਮਧਾਰੀ | ਤਬਲਾ ਸੰਗਤ |
| ਰਾਗੀ ਵੀਰ ਸਿੰਘ ਨਾਮਧਾਰੀ | ਗਾਇਨ |
| ਸ੍ਰੀ ਹਰਪ੍ਰੀਤ ਸਿੰਘ ਨਾਮਧਾਰੀ | ਤਬਲਾ ਸੰਗਤ |
| ਉਸਤਾਦ ਜ਼ਾਕਿਰ ਹੁਸੈਨ | ਤਬਲਾ |
| ਉਸਤਾਦ ਫ਼ਜ਼ਲ ਕੁਰੈਸ਼ੀ | ਤਬਲਾ |
| ਉਸਤਾਦ ਤੌਫ਼ੀਕ ਕੁਰੈਸ਼ੀ | ਜ਼ੈਂਬੇ |
| ਪੰਡਿਤ ਅਜੈ ਜੋਗਲੇਕਰ | ਹਾਰਮੋਨੀਅਮ (ਲਹਿਰਾ) |

**ਸਮਾਂ : ਸ਼ਾਮ 5 ਵਜੇ ਤੋਂ | ਸਥਾਨ : ਪ੍ਰਤਾਪ ਮੰਦਿਰ, ਸ੍ਰੀ ਭੈਣੀ ਸਾਹਿਬ**

For More Information Contact us on :
vnvj@sribhainisahib.com, www.sribhainisahib.com

Design & Print by : SJS Graphics : +9199155 07275

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ 96ਵੇਂ ਪ੍ਰਕਾਸ਼ ਪੁਰਬ ਮੌਕੇ ਸੰਗੀਤ ਸੰਮੇਲਨ ਦੌਰਾਨ ਆਉਂਣ ਵਾਲੇ ਸੰਗੀਤ ਕਾਰਾ ਦਾ ਵੇਰਵਾ



ਸ੍ਰੀ ਸਤਿਗੁਰੂ ਜੀ ਦਾ ਸਾਵਣ ਕਿਰਪਾਲ ਰੂਹਾਨੀ ਸਤਿਸੰਗ ਵਿਖੇ ਮਹਾਰਾਜ ਰਜਿੰਦਰ ਸਿੰਘ ਜੀ ਨੇ ਸਤਿਕਾਰ ਸਹਿਤ ਬੜਾ ਨਿੱਘਾ ਸਵਾਗਤ ਕੀਤਾ

# ਮਾਲਕ ਸਿੰਘ - ਸੁਰਜੀਤ ਹਾਕੀ ਟੀਮ ਦਾ ਸਰਵੋਤਮ ਖਿਡਾਰੀ




ਸੁਰਜੀਤ ਹਾਕੀ ਟੂਰਨਾਮੈਂਟ ਵਿੱਚੋਂ ਸਭ ਤੋਂ ਵੱਧੀਆ ਖਿਡਾਰੀ ਹੋਣ ਦੇ ਮਾਣ ਸਨਮਾਨ ਵਜੋ 25000 ਰੁਪਏ ਦਾ ਚੈਕ ਮਾਲਕ ਸਿੰਘ ਨੂੰ ਦਿੱਤਾ ਗਿਆ। ਉਸਨੇ ਆਪਣੀ ਟੀਮ ਵਲੋਂ ਵਿਰੋਧੀ ਟੀਮ ਨੂੰ 2 ਗੋਲ ਕੀਤੇ, ਮੈਚ 4-3 ਦੇ ਸਕੋਰ ਨਾਲ ਜਿਤਿਆ ਗਿਆ। ਉਹ ਨਾਮਧਾਰੀ ਸਪੋਰਟਸ ਅਕੈਡਮੀ ਸ੍ਰੀ ਭੈਣੀ ਸਾਹਿਬ (ਪੰਜਾਬ) ਤੋਂ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਕ੍ਰਿਪਾ ਨਾਲ ਆਪਣਾ ਭੱਵਿਖ ਉਜਵਲ ਬਣਾਉਣ ਲਈ ਨਾਮਧਾਰੀ ਹਾਕੀ ਇਲੈਵਨ ਵਿੱਚ ਭਰਪੂਰ ਮਿਹਨਤ ਕਰਦਾ ਰਿਹਾ ਹੈ।

ਉਸਨੇ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸਤਿਗੁਰੂ ਉਦੈ ਸਿੰਘ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਉਹ ਸੰਤ ਨਗਰ ਦੇ ਸੰਤ ਬਲਦੇਵ ਸਿੰਘ ਮੁਕਤਾ-ਬੀਬੀ ਦਲਜੀਤ ਕੌਰ ਦਾ ਲਾਡਲਾ ਸਪੁੱਤਰ ਹੈ।

# ਵੱਰਲਡ ਕੈਂਸਰ ਕੇਅਰ ਚੈਰੀਟੇਬਲ ਟਰੱਸਟ

## ਅਤੇ ਵਿਸ਼ਵ ਨਾਮਧਾਰੀ ਸੰਗਤ (ਰਜਿ:)

ਦੇ ਸਹਿਯੋਗ ਨਾਲ

# ਮੁਫ਼ਤ ਮੈਡੀਕਲ ਕੈਂਪ

WORLD CANCER CARE CHARITABLE SOCIETY

**ਮਿਤੀ 21,22 ਨਵੰਬਰ 2015, ਦਿਨ ਸ਼ਨੀਵਾਰ, ਐਤਵਾਰ, ਗੁਰਦੁਆਰਾ ਸ੍ਰੀ ਭੈਣੀ ਸਾਹਿਬ**

**ਸਥਾਨ - ਦਸਵੰਧ ਦਫਤਰ ਦੇ ਸਾਹਮਣੇ**

**ਕੈਂਪ ਦੀਆਂ ਵਿਸ਼ੇਸ਼ਤਾਈਆਂ:**

1. ਔਰਤਾਂ ਅਤੇ ਮਰਦਾਂ ਦੇ ਕੈਂਸਰ ਦੀ ਸ਼ਰੀਰਕ ਜਾਂਚ।
2. ਔਰਤਾਂ ਦੇ ਛਾਤੀ ਦੇ ਕੈਂਸਰ ਦੀ ਜਾਂਚ ਲਈ (ਮੈਮੋਗ੍ਰਾਫੀ) ਟੈਸਟ।
3. ਔਰਤਾਂ ਦੇ ਬੱਚੇਦਾਨੀ ਦੇ ਕੈਂਸਰ ਦੀ ਜਾਂਚ ਲਈ (ਪੈਪ ਸਮਿਅਹ) ਟੈਸਟ
4. ਮਰਦਾਂ ਦੇ ਗਦੂਦਾਂ ਦੇ ਕੈਂਸਰ ਲਈ PSA ਟੈਸਟ।
5. ਕੈਂਸਰ ਦੇ ਮਰੀਜਾਂ ਦੇ ਇਲਾਜ ਲਈ ਸਹੀ ਸਲਾਹ।
6. ਔਰਤਾਂ ਅਤੇ ਮਰਦਾਂ ਦਾ ਸ਼ੂਗਰ ਅਤੇ ਬੱਲਡ ਪ੍ਰੈਸ਼ਰ ਟੈਸਟ
7. ਸ਼ੂਗਰ, ਬਲੱਡ ਪ੍ਰੈਸ਼ਰ ਸਬੰਧੀ ਮੁਫਤ ਦਵਾਈਆਂ।
8. ਆਮ ਬਿਮਾਰੀਆਂ ਸਬੰਧੀ ਸਿਰਫ ਲੋੜਬੰਦਾਂ ਨੂੰ ਮੁਫਤ ਦਵਾਈਆਂ।

**ਨੋਟ: ਇਹ ਕੈਂਪ ਔਰਤਾਂ ਲਈ ਸਪੈਸ਼ਲ ਹੈ ਸੋ ਸਾਰੀਆਂ ਔਰਤਾਂ ਜਾਂਚ ਜਰੂਰ ਕਰਵਾਉਣ ਜੀ**

Subscriber's Address

Type setting by: CADCON
Designed by: SHWETA GRAPHICS

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਣ ਦਾ ਸਮਾਂ-ਸਵੇਰੇ 6.41 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 5.29 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Ravindra Offset Press, A-26, Phase II, Narayana, New Delhi-110028 and published from Namdhari Gurdwara, Ramesh Nagar, New delhi-110015. Editor-Mr.Harvendra Singh Hanspal.
Phone: +91-9212318103, Email: satjugweekly@gmail.com
Issue No.32 of 12 November 2015